ਸਿੰਘ ਸਭਾ

ਲਹਿਰ

੧੮੭੩–੧੯੦੨

ਡਾ: ਜਗਜੀਤ ਸਿੰਘ



ਪੂਜਯ ਪਿਤਾ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ
ਤਰਨ ਤਾਰਨ

੧ ੴ ਸਤਿਗੁਰ ਪ੍ਰਸਾਦਿ ॥

ਸਿੰਘ ਸਭਾ ਲਹਿਰ

———:o:———

?

ਅਜ ਕਲ ਸਿਖਾਂ ਦੀ ਅਜੀਬ ਹਾਲਤ ਹੈ । ਫੂਟ ਨੇ ਪ੍ਰਚਾਰ ਬੰਦ ਕਰ ਦਿਤਾ ਹੈ । ਸਿਖ ਆਪਸ ਵਿਚ ਹੀ ਖਹਿ ਖਹਿ ਡਿਗ ਰਹੇ ਹਨ । ਇਸ ਦਾ ਸਦਕਾ ਜਵਾਨ ਸਿਖੀਓਂ ਦੂਰ ਹੋ ਰਹੇ ਹਨ ।

ਸਿੰਘ ਸਭਾਵਾਂ ਭੀ ਮਸਤ ਹੋ ਗਈਆਂ ਹਨ । ਸਤਿਸੰਗ, ਜਿਸ ਦੀ ਬਰਕਤ ਦਵਾਰਾ ਹੀ ਸਿਖੀ ਉਚੀ ਤੇ ਸੁਚੀ ਰਹਿ ਸਕਦੀ ਹੈ, ਬਿਲਕੁਲ ਭੁਲ ਗਿਆ ਹੈ । ਗੁਰਬਾਣੀ ਨੂੰ ਵਿਚਾਰਨਾ ਤਾਂ ਇਕ ਪਾਸੇ ਰਿਹਾ, ਇਕੱਠੇ ਹੋਣਾ ਆਉਂਦਾ ਹੀ ਨਹੀਂ ।

ਇਸ ਨੂੰ ਮੁਖ ਰਖ ਸਿੰਘ ਸਭਾ ਲਹਿਰ ਦਾ ਸ਼ੁਰੂ ਦਾ ਇਤਿਹਾਸ ਲਿਖਦਾ ਹਾਂ । ਸ਼ਾਇਦ ਇਸ ਨੂੰ ਪੜ੍ਹ ਕਿਸੇ ਸਿੰਘ ਸਭਾ ਜਾਂ ਸਜਣਾਂ ਵਿਚ ਮੁੜ ਜਾਗਰਤ ਆ ਜਾਵੇ ।

ਨਾਲੇ ਅਜੇ ਤਕ ਸਿੰਘ ਸਭਾ ਦਾ ਇਹ ਇਤਿਹਾਸ ਕਿਸੇ ਨੇ ਲਿਖਣ ਦਾ ਉਪਰਾਲਾ ਨਹੀਂ ਕੀਤਾ। ਕੁਝ ਹੋਰ ਸਮਾਂ ਬੀਤ ਗਿਆ ਤਾਂ ਔਖਾ ਹੀ ਨਹੀਂ, ਅਸੰਭਵ ਹੋ ਜਾਇਗਾ। ਚੀਫ਼ ਖਾਲਸਾ ਦੀਵਾਨ ਤੇ ਗੁਰਦਵਾਰਾ ਸੁਧਾਰ ਲਹਿਰ ਇਸੇ ਲਹਿਰ ਦਾ ਸਿਟਾ ਹਨ। ਗੁਰਦਵਾਰਾ ਸੁਧਾਰ ਲਹਿਰ ਅਰਥਾਤ ਅਕਾਲੀ ਲਹਿਰ ਦਾ ਇਤਿਹਾਸ 'ਜੀਵਨ ਭਾਈ ਸਾਹਿਬ ਭਾਈ ਮੋਹਨ ਸਿੰਘ ਜੀ ਵੈਦ' ਲਿਖਤ ਸ੍ਰ: ਮੁਨਸ਼ਾ ਸਿੰਘ ਜੀ 'ਦੁਖੀ' ਵਿਚ ਬੜਾ ਸੋਹਣਾ ਦਿਤਾ ਗਿਆ ਹੈ।

ਇਸ ਪੁਸਤਕ ਵਿਚ ਬਹੁਤੇ ਸ਼ਬਦ ਉਸ ਸਮੇਂ ਦੀਆਂ ਰੀਪੋਰਟਾਂ, ਅਖਬਾਰਾਂ ਆਦਿ ਵਿਚੋਂ ਲੈ ਇੰਨ ਬਿੰਨ ਉਹੀ ਰਖੇ ਗਏ ਹਨ। ਇਸ ਵਾਸਤੇ ਪਾਠਕਾਂ ਨੂੰ ਇਕੋ ਕਲਮ ਦੀ ਬੋਲੀ ਨਹੀਂ ਭਾਸੇਗੀ। ਸਾਰੇ ਹਾਲ ਸੰਛੇਪ ਮਾਤ੍ਰ ਲਿਖੇ ਹਨ। ਜੇ ਪਾਠਕਾਂ ਨੇ ਦਿਲਚਸਪੀ ਦਸੀ ਤਾਂ ਦੂਸਰੀ ਐਡੀਸ਼ਨ ਵਿਚ ਹੋਰ ਵਿਸਥਾਰ ਕਰ ਦਿਤਾ ਜਾਵੇਗਾ।

ਤਰਨ ਤਾਰਨ ਜਗਜੀਤ ਸਿੰਘ

੧ ਓ ਸਤਿਗੁਰ ਪ੍ਰਸਾਦਿ ॥

ਸਿਖ-ਰਾਜ

ਉਨ੍ਹੀਂਵੀਂ ਸਦੀ ਦੇ ਚੜ੍ਹਦੇ ਹੀ ਭਾਰਤ ਵਰਸ਼ ਉਪਰ ਅੰਗਰੇਜ਼ਾਂ ਦਾ ਜ਼ੋਰ ਵਧਣਾ ਸ਼ੁਰੂ ਹੋਇਆ। ਇਸ ਸਮੇਂ ਸਤਲੁਜ ਤੋਂ ਪੰਜਾਬ ਦੀ ਵਲ ਕਾਬਲ ਤਕ ਮਹਾਰਾਜਾ ਰਣਜੀਤ ਸਿੰਘ ਜੀ ਰਾਜ ਕਰ ਰਹੇ ਸਨ। ਆਪ ਜੀ ਦਾ ਰਾਜ ਲੋਕ-ਰਾਜ ਦਾ ਨਮੂਨਾ ਸੀ। ਪੰਜਾਬ ਦੀ ਸਰਕਾਰ ਮੰਨਦੀ ਹੈ ਕਿ ਉਸ ਸਮੇਂ ਮੁਲਕ ਸਮੁੱਚੇ ਤੌਰ ਤੇ ਇਤਨਾ ਖ਼ੁਸ਼ਹਾਲ ਸੀ ਕਿ ਅਜ ਵੇਖ ਹੈਰਾਨੀ ਹੁੰਦੀ ਹੈ।

(Punjab Administration Report 1921-22 p. 65)

ਮਿ: ਐਚ. ਈ. ਫੇਨ ਅੱਖੀਂ ਵੇਖੀ ਵਾਰਤਾ ਲਿਖਦਾ ਹੈ,'ਉਹ ਚੰਗਾ ਤੇ ਹਰ-ਮਨ-ਪਿਆਰਾ ਹੁਕਮਰਾਨ ਹੈ। ਉਸ ਨੂੰ ਨਾ ਕੇਵਲ ਵਡੇ ਹੀ ਪਿਆਰ ਕਰਦੇ ਹਨ, ਸਗੋਂ ਨਿੱਕੇ ਨਿੱਕੇ ਮੁੰਡੇ ਭੀ ਦਿਲੋਂ ਆਪਣਾ ਕ੍ਰਿਪਾਲੂ ਬਾਦਸ਼ਾਹ ਮੰਨਦੇ ਹਨ।'

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ੨੭ ਜੂਨ ੧੮੩੯ ਮੁਤਾਬਿਕ ੧੫ ਹਾੜ ਸੰਮਤ ੧੮੯੬ ਬਿ: ਨੂੰ ਪੰਜਾਬੀ ਮਾਤ ਨੂੰ ਛੱਡ ਅਣਡਿਠੇ ਦੇਸ ਪਧਾਰੇ। ਹਾਥੀ ਦੇ ਸਿਰ ਤੋਂ ਕੁੰਡਾ ਉਠਦਿਆਂ ਹੀ ਇਹ ਮਸਤੀ ਵਿਚ ਆ ਗਿਆ। ਨਿਮਕ ਹਲਾਲ ਤੇ ਵਫ਼ਾਦਾਰ ਭੀ ਲੂਣ ਹਰਾਮੀ ਤੇ ਬਦ-ਨੀਯਤ ਹੋ ਗਏ। ਡੋਗਰਿਆਂ ਵਧ ਚੜ੍ਹ ਹਿੱਸਾ ਲਿਆ ਤੇ ਰਾਜ ਵਿਚ ਉਥੱਲ ਪਥੱਲ ਸ਼ੁਰੂ ਹੋ ਗਈ। ੮ ਅਕਤੂਬਰ ੧੮੩੯ ਨੂੰ ਮ: ਖੜਗ ਸਿੰਘ ਜੀ ਨੂੰ ਨਜ਼ਰਬੰਦ ਕੀਤਾ ਗਿਆ ਤੇ ਰਾਜ ਕਾਜ ਕੰਵਰ ਨੌ ਨਿਹਾਲ ਸਿੰਘ ਜੀ ਹੱਥੀਂ ਹੋਣ ਲੱਗਾ। ੫ ਨਵੰਬਰ ੧੮੪੦ ਨੂੰ ਸ਼ੇਰਿ ਪੰਜਾਬ ਦੇ ਨਜ਼ਰਬੰਦ ਸਪੁਤ੍ਰ ਨੇ ਚਲਾਣਾ ਕੀਤਾ ਤੇ ਉਸੇ ਦਿਨ ਡੋਗਰਿਆਂ ਗੋਂਦ ਗੁੰਦ ਕੇ ਡਿਉਢੀ ਦਾ ਛੱਜਾ ਸੁਟ ਕੇ ਰਾਜ ਦੇ ਨਵੇਂ ਸੂਰਜ ਕੰਵਰ ਨੌ ਨਿਹਾਲ ਸਿੰਘ ਜੀ ਨੂੰ ਜ਼ਖਮੀ ਕੀਤਾ ਤੇ ਕਿਲ੍ਹੇ ਵਿਚ ਲਿਜਾ ਕੇ ਜਹਾਨ

ਤਾਂ ਪਾਰ ਕੀਤਾ। ਰਾਣੀ ਚੰਦ ਕੌਰ ਨੇ ਰਾਜ ਦੀ ਵਾਗ ਡੋਰ ਸੰਭਾਲੀ; ਪਰ ਰਾਜਾ ਧਿਆਨ ਸਿੰਘ ਦੀ ਸਹਾਇਤਾ ਨਾਲ ਜਨਵਰੀ ੧੮੪੧ ਨੂੰ ਹੀ ਮਹਾਰਾਜਾ ਸ਼ੇਰ ਸਿੰਘ ਜੀ ਲਾਹੌਰ ਪੁਜ ਰਾਜ-ਗੱਦੀ ਦੇ ਮਾਲਕ ਬਣੇ। ਵਧੇਰੇ ਨਾ ਨਿਭੀ ਤੇ ਛੇਤੀ ਹੀ ਇਕ ਦੂਸਰੇ ਦੀ ਜਾਨ ਦੇ ਵੈਰੀ ਹੋ ਗਏ ਤੇ ਅੰਤ ਸੰਧਾਵਾਲੀਏ ਸ੍ਰਦਾਰ ਅਜੀਤ ਸਿੰਘ ਤੇ ਸ੍ਰਦਾਰ ਲਹਿਣਾ ਸਿੰਘ ਦੇ ਹਥੋਂ ੧੫ ਸਤੰਬਰ ੧੮੪੩ ਨੂੰ ਮਹਾਰਾਜਾ ਸ਼ੇਰ ਸਿੰਘ, ਕੰਵਰ ਪ੍ਰਤਾਪ ਸਿੰਘ ਤੇ ਰਾਜਾ ਧਿਆਨ ਸਿੰਘ ਦਾ ਅੰਤ ਹੋਇਆ। ਦੂਸਰੇ ਦਿਨ ੧੬ ਸਤੰਬਰ ੧੮੪੩ ਨੂੰ ਹੀ ਰਾਜਾ ਧਿਆਨ ਸਿੰਘ ਦੇ ਪੁਤ੍ਰ ਹੀਰਾ ਸਿੰਘ ਨੇ ਫੌਜਾਂ ਨੂੰ ਨਾਲ ਰਲਾ ਸੰਧਾਵਾਲੀਏ ਸਰਦਾਰਾਂ ਪਾਸੋਂ ਆਪਣੇ ਪਿਤਾ ਦੀ ਮੌਤ ਦਾ ਬਦਲਾ ਮੌਤ ਲਿਆ। ਹੁਣ ਮਹਾਰਾਜਾ ਦਲੀਪ ਸਿੰਘ ਜੀ ਪੰਜਾਂ ਵਰ੍ਹਿਆਂ ਦੀ ਉਮਰ ਵਿਚ ੧੮ ਸਤੰਬਰ ੧੮੪੩ ਤੋਂ ਰਾਜ-ਗੱਦੀ ਤੇ ਬੈਠੇ ਤੇ ਵਜ਼ੀਰ ਹੀਰਾ ਸਿੰਘ ਹੋਇਆ। ਅੱਗ ਫੇਰ ਭੜਕੀ, ਜਿਸ ੨੧ ਦਸੰਬਰ ੧੮੪੪ ਨੂੰ ਹੀਰਾ ਸਿੰਘ ਤੇ ਇਸ ਦੇ ਸਲਾਹਕਾਰ ਜੱਲੇ ਨੂੰ ਭਸਮ ਕੀਤਾ। ਇਕ ਵਜ਼ੀਰ ਦੀ ਥਾਂ ਦਸਾਂ ਦੀ ਕਮੇਟੀ ਮਹਾਰਾਜੇ ਦੀ ਸਲਾਹਕਾਰ ਬਣੀ; ਪਰ ੧੪ ਮਈ ੧੮੪੫ ਨੂੰ ਮਹਾਰਾਜ ਦਾ ਮਾਮਾ ਜਵਾਹਰ ਸਿੰਘ ਵਜ਼ੀਰ ਨੀਯਤ ਹੋਇਆ। ਵਜ਼ੀਰੀ ਦੇ ਮਦ ਵਿਚ ਇਸ ਕੰਵਰ ਪਿਸ਼ੌਰਾ ਸਿੰਘ ਨੂੰ ਅਟਕ ਦੇ ਕਿਲ੍ਹੇ ਵਿਚ ਮੁਸਲਮਾਨ ਹਥੋਂ ਮਰਵਾਇਆ ਅਤੇ ਆਪ ਇਸੇ ਕਾਰਨ ੨੧ ਸਤੰਬਰ ਨੂੰ ਫੌਜ ਦੇ ਗੁੱਸੇ ਦਾ ਸ਼ਿਕਾਰ ਹੋਇਆ। ਹੁਣ ਮਹਾਰਾਣੀ ਜਿੰਦਾਂ ਆਪ ਹੀ ਨਾਬਾਲਗ ਮਹਾਰਾਜ ਦੀ ਰੀਜੈਂਟ ਬਣੀ।

ਇਥੇ ਹੀ ਸਬਰ ਨਾ ਹੋਇਆ ਤੇ ਸ਼ਤਰੰਜ ਦੀ ਚਾਲ ਹੋਰ ਵਧੇਰੇ ਜੋਸ਼ ਨਾਲ ਚਲੀ ਗਈ। ਨਤੀਜਾ ਸਿਖਾਂ ਤੇ ਅੰਗਰੇਜ਼ਾਂ ਦੀ ਪਹਿਲੀ ਲੜਾਈ ੧੮ ਦਸੰਬਰ ੧੮੪੫ ਮੁਦਕੀ ਤੋਂ ਸ਼ੁਰੂ ਹੋਈ। ਫੇਰ ਫ਼ੀਰੋਜ਼ ਸ਼ਾਹ ੨੧–੨੨ ਦਸੰਬਰ ੧੮੪੫ ਨੂੰ; ਪਰ ਇਸ ਲੜਾਈ ਦਾ ਅੰਤ ੧੦ ਫ਼ਰਵਰੀ ੧੮੪੬ ਨੂੰ ਸਭਰਾਓਂ ਦੇ ਮੈਦਾਨ ਵਿਚ ਹੋਇਆ। ਗ਼ੱਦਾਰੀ ਦੀ ਹੱਦ ਨਾ ਰਹੀ ਤੇ ਐਨ ਚੋਟੀ ਤੇ ਪੁਜੀ, ਜਿਸ ਕਾਰਨ ਅੰਗਰੇਜ਼ ਮੌਕਾ ਵੇਖ ਹੋਰ ਵਧੇ ਤੇ ਆ ਰਾਜ-ਪ੍ਰਬੰਧ ਵਿਚ ਦਖ਼ਲ ਦਿਤਾ। ੯ ਮਾਰਚ ੧੮੪੬

ਨੂੰ ਅੰਗਰੇਜ਼ਾਂ ਮਹਾਰਾਜਾ ਦਲੀਪ ਸਿੰਘ ਨੂੰ ਨਾਬਾਲਗ ਵੇਖ ਉਸ ਦੀ ਰੱਖਿਆ ਕਰਨ ਲਈ ਲਾਹੌਰ ਦਰਬਾਰ ਨਾਲ ਪਹਿਲਾ ਅਹਿਦਨਾਮਾ ਕਰ ਕੇ ਰਾਜ-ਪ੍ਰਬੰਧ ਸਾਂਭਿਆ। ਸੱਤਾਂ ਦਿਨਾਂ ਪਿਛੋਂ ਹੀ ਮਦਦ ਦੇ ਇਨਾਮ ਵਿਚ ਕਸ਼ਮੀਰ ਮਹਾਰਾਜਾ ਗੁਲਾਬ ਸਿੰਘ ਜੀ ਪਾਸ ਵੇਚਿਆ ਗਿਆ ਤੇ ੧੬ ਮਾਰਚ ਨੂੰ ਇਹਨਾਂ ਦਾ ਆਪਸ ਵਿਚ ਅਹਿਦਨਾਮਾ ਹੋਇਆ। ਪਹਿਲੇ ਅਹਿਦਨਾਮੇ ਨਾਲ ਕੁਝ ਔਕੜ ਪ੍ਰਤੀਤ ਹੋਈ। ਸੋ ਅੰਗਰੇਜ਼ਾਂ ਸਿਖ ਦਰਬਾਰ ਨਾਲ ਭੈਰੋਵਾਲ ੧੬ ਦਸੰਬਰ ਨੂੰ ਦੂਸਰਾ ਅਹਿਦਨਾਮਾ ਕੀਤਾ।

ਅੰਗਰੇਜ਼ ਪੂਰੀ ਆਜ਼ਾਦੀ ਬਿਨਾਂ ਸੰਤੁਸ਼ਟ ਨਾ ਹੋਏ। ਮਹਾਰਾਣੀ ਜਿੰਦਾਂ ਨੂੰ ਕੈਦ ਕੀਤਾ ਗਿਆ ਤੇ ਦੂਸਰੀ ਲੜਾਈ ਦੀ ਛੇੜ ਛੇੜੀ ਗਈ, ਜੋ ੨੨ ਨਵੰਬਰ ੧੮੪੮ ਨੂੰ ਰਾਮ ਨਗਰ ਤੋਂ ਸ਼ੁਰੂ ਹੋਈ। ੩ ਦਸੰਬਰ ਨੂੰ ਸੈਦਲ ਪੁਰ ਤੇ ੧੩ ਜਨਵਰੀ ੧੮੪੯ ਨੂੰ ਚਿੱਲੀਆਂ ਵਾਲੇ ਲੜਾਈ ਹੋਈ। ੨੨ ਜਨਵਰੀ ੧੮੪੯ ਨੂੰ ਮੁਲਤਾਨ ਦਾ ਕਿਲ੍ਹਾ ਫ਼ਤਹ ਹੋਇਆ ਤੇ ੨੧ ਫ਼ਰਵਰੀ ੧੮੪੯ ਨੂੰ ਗੁਜਰਾਤ ਵਾਲੀ ਲੜਾਈ ਨੇ ਪੰਜਾਬੀ ਰਾਜ ਦਾ ਪੂਰੀ ਤਰ੍ਹਾਂ ਅੰਤ ਕੀਤਾ। ਇਹਨਾਂ ਲੜਾਈਆਂ ਵਿਚ ਸਿਖਾਂ ਨੇ ਕਿਸ ਤਰ੍ਹਾਂ ਬਹਾਦਰੀ ਨਾਲ ਮੈਦਾਨ ਜਿਤੇ; ਪਰ ਜਿਸ ਤਰ੍ਹਾਂ ਗ਼ੱਦਾਰਾਂ ਦੀ ਸਹਾਇਤਾ ਨਾਲ ਜਿੱਤੀਆਂ ਬਾਜ਼ੀਆਂ ਭੀ ਹਾਰੀਆਂ, ਸਭ ਨੂੰ ਪਤਾ ਹੀ ਹੈ। ਹੁਣ ਅੰਗਰੇਜ਼ ਨਾ ਝੁਕੇ ਤੇ ੨੯ ਮਾਰਚ ੧੮੪੯ ਵਾਲੇ ਦਿਨ ਅਹਿਦ-ਨਾਮਿਆਂ ਦੇ ਵਿਰੁਧ ਪੰਜਾਬੀ ਰਾਜ ਨੂੰ ਅੰਗਰੇਜ਼ੀ ਰਾਜ ਵਿਚ ਮਿਲਾਉਣ ਦਾ ਐਲਾਨ ਕੀਤਾ ਗਿਆ।

ਮਹਾਰਾਜਾ ਦਲੀਪ ਸਿੰਘ ਜੀ ਦੀ ਅੰਗਰੇਜ਼ਾਂ ਰਾਖੀ ਹੋਰ ਪੱਕੀ ਕੀਤੀ। ਸੰਗਤ ਦੇ ਨਤੀਜੇ ਅਜਿਹਾ ਰੰਗ ਚਾੜ੍ਹਿਆ ਜੋ ਨਾਬਾਲਗ ਮਹਾਰਾਜਾ ਛੋਟੀ ਉਮਰੇ ਹੀ ੮ ਮਾਰਚ ੧੮੫੩ ਨੂੰ ਈਸਾਈ ਮਤ ਵਿਚ ਅਭੇਦ ਹੋਇਆ ਤੇ ੧੯ ਅਪ੍ਰੈਲ ੧੮੫੪ ਨੂੰ ਕਲਕੱਤੇ ਤੋਂ ਜਹਾਜ਼ ਚੜ੍ਹਾ ਵਲਾਇਤ ਤੋਰਿਆ ਗਿਆ। ਕਿਸੇ ਸਿਖ ਨੇ ਆਹ ਨਾ ਮਾਰੀ। ਸਚੇ ਤੇ ਸੁਚੇ ਪੁਰਸ਼ ਮੌਤ ਦੀ ਤੇ ਲਾਲਚੀ, ਖ਼ੁਦਗਰਜ਼ ਮਾਇਆ ਦੀ ਗੋਦ ਵਿਚ ਜਾ ਚੁਕੇ ਸਨ। ਜੋ ਕਿਣਕਾ ਬਚਿਆ, ਉਸ ਆਪਣੀ ਥਾਂ ਬੈਠ ਇਸ ਹੋਣ

ਦੇ ਕਰਤਵ ਤੇ ਚਾਰ ਅਥਰੂ ਵਹਾ ਸਬਰ ਕੀਤਾ ਤੇ ਇਸ ਤਰ੍ਹਾਂ ਆਜ਼ਾਦੀ ਦੇ ਆਸ਼ਕ ਸਿਖ ਗ਼ੁਲਾਮ ਹੋ ਆਪਣੇ ਤਪਤ ਹਿਰਦਿਆਂ ਨੂੰ ਸ਼ਾਂਤ ਕਰ ਖ਼ੂਬ ਘੂਕੀ ਦੀ ਨੀਂਦ ਸੁੱਤੇ।

ਅੰਗ੍ਰੇਜ਼ੀ ਰਾਜ

ਸਿਖਾਂ ਦੇ ਰਾਜ ਕਾਜ ਲੁਟੇ ਜਾਣ ਪਿਛੋਂ ਪੰਥ ਉਪਰ ਮੁਸੀਬਤ ਦੇ ਪਹਾੜ ਟੁਟਣੇ ਸ਼ੁਰੂ ਹੋ ਗਏ। ਇਕ ਪਾਸੇ ਅੰਗ੍ਰੇਜ਼ਾਂ ਦੀ ਨੀਤੀ ਆਪਣਾ ਕੰਮ ਕਰ ਰਹੀ ਸੀ, ਅਨੇਕਾਂ ਰਈਸ ਤੇ ਸ੍ਰਦਾਰ ਤਬਾਹ ਹੋ ਚੁਕੇ ਸਨ ਤੇ ਬਥੇਰੇ ਅੰਗ੍ਰੇਜ਼ੀ ਸ੍ਰਕਾਰ ਕੋਲੋਂ ਆਪਣੀ ਕੀਤੀ ਦੇ ਬਦਲੇ ਇਨਾਮ ਤੇ ਜਾਗੀਰਾਂ ਲੈਣ ਵਿਚ ਰੁਝ ਪਏ ਸਨ। ਸ੍ਰੀ ਅੰਮ੍ਰਿਤਸਰ, ਅਕਾਲ ਤਖਤ ਸਾਹਿਬ, ਤਰਨ ਤਾਰਨ ਆਦਿ ਪ੍ਰਸਿਧ ਗੁਰਦਵਾਰੇ ਇਸੇ ਸਰਕਾਰ ਦੇ ਪ੍ਰਬੰਧ ਵਿਚ ਚਲੇ ਗਏ ਤੇ ਦੂਜੇ ਪਾਸੇ ਸਮੇਂ ਦੀ ਸਰਕਾਰ ਪਾਦਰੀਆਂ ਰਾਹੀਂ ਸਿਖੀ ਉਪਰ ਅਸਹਿ ਵਾਰ ਕਰ ਰਹੀ ਸੀ। ਅਨੇਕ ਮਨ-ਘੜਤ ਕਹਾਣੀਆਂ ਬਣਾ ਬਣਾ ਕੇ ਸਿਖਾਂ ਨੂੰ ਸਿਖੀਓਂ ਪਤਿਤ ਕੀਤਾ ਜਾ ਰਿਹਾ ਸੀ। ਪੰਜਾਬੀਆਂ ਦੇ ਸਤਿਜੁਗੀ ਰਾਜ ਨੂੰ ਡਾਕੂ ਰਾਜ ਕਹਿ ਤੇ ਅਨੇਕਾਂ ਅਲਜ਼ਾਮ ਲਾ ਲਾ ਕੇ ਬਦਨਾਮ ਕੀਤਾ ਤੇ ਖਾਲਸਾ ਪੰਥ ਦੀ ਸ਼ਾਨ ਵਿਚ ਉਲਟਾ ਪ੍ਰਚਾਰ ਕਰ ਕੇ ਸਿਖੀ ਮਹਿਲ ਦੀ ਬੁਨਿਆਦ ਵਿਚ ਮਾਨੋ ਬਰੂਦ ਦਿਤਾ ਜਾ ਰਿਹਾ ਸੀ। ਕੁਝ ਚਾਲਾਕੀ ਨਾਲ, ਕੁਝ ਲਾਲਚ ਲੋਭ ਨਾਲ ਤੇ ਕੁਝ ਡਰ ਕਰ ਕੇ ਸਿਖਾਂ ਨੂੰ ਹਰ ਹੀਲੇ ਪਤਿਤ ਕੀਤਾ ਜਾ ਰਿਹਾ ਸੀ। ਸਿਖਾਂ ਦੇ ਰਾਜ ਵਿਚ ਹਲਵੇ ਮੰਡੇ ਦੇ ਯਾਰ ਸਿਖ ਸਜੇ ਹੋਏ ਤਾਂ ਦਿਨਾਂ ਵਿਚ ਹੀ ਰਾਮ ਰਾਮ, ਤੋਬਾ ਤੋਬਾ ਤੇ ਯਸੂਅ ਮਸੀਹ ਦੇ ਭਗਤ ਹੋ ਗਏ। ਇਸ ਰਾਜਸੀ ਅੰਧੇਰੀ ਨੇ ਸਿਖੀ ਬਾਗ ਉਪਰ ਮਾਨੋਂ ਬਸੰਤ ਵਿਚ ਹੀ ਪਤ-ਝੜ ਲਿਆ ਦਿਤੀ। ਸਿਖਾਂ ਦੀ ਵਧ ਰਹੀ ਗਿਣਤੀ ਘਟਣ ਲਗ ਪਈ ਤੇ ਬਹੁਤ ਹੀ ਘਟ ਗਈ—ਖਾਸ ਕਰ ੧੮੬੮ ਤੋਂ ੧੮੮੧ ਵਿਚ ਪੂਰਾ ਹੱਲਾ ਹੋਇਆ।

ਹਿੰਦੁਸਤਾਨ ਵਿਚ ਸਿਖ ਰਾਜ ਸਮੇਂ ਸਿਖਾਂ ਦੀ ਜੋ ਗਿਣਤੀ ਇਕ ਕਰੋੜ ਦੇ ਲਗ ਪਗ ਸੀ

੧੮੮੧ ਵਿਚ ੧੮੫੩੪੨੯ ਰਹਿ ਗਈ।

ਫੇਰ ਕੁਝ ਜਾਗਰਤਾ ਆਈ ਤੇ

੧੮੯੧	ਨੂੰ	੧੯੦੭੮੩੩
੧੯੦੧	,,	੨੧੯੫੩੩੯
੧੯੧੧	,,	੩੦੧੪੪੬੬
੧੯੨੧	,,	੩੨੩੮੮੦੩
੧੯੩੧	,,	੪੩੩੫੭੭੧ ਹੋਈ।

ਹੋਰ ਕੀ, ਸਿਖੀ ਦੇ ਗੜ੍ਹ ਜ਼ਿਲਾ ਸ੍ਰੀ ਅੰਮ੍ਰਿਤਸਰ ਜੀ ਵਿਚ ਹੀ ਸਿਖ ਜੋ ੧੮੬੮ ਵਿਚ ੨੩੨੨੨੪ ਸਨ, ੧੮੮੧ ਵਿਚ ੨੧੬੧੩੬ ਰਹਿ ਗਏ ਤੇ ਨਾਲ ਦੇ ਜ਼ਿਲੇ ਸਿਆਲਕੋਟ ਵਿਚ ੫੦੨੭੯ ਤੋਂ ੪੦੧੯੫ ਰਹਿ ਗਏ। ਇਹੀ ਹਾਲ ਹੋਰਨਾਂ ਜ਼ਿਲਿਆਂ ਦਾ ਸੀ।

ਸਮੇਂ ਦੇ ਕੁਫੇਰ ਨਾਲ ਇਕ ਤਾਂ ਸਿਖ ਆਪਣੇ ਆਪ ਹੀ ਗਿਰਾਵਟ ਵਿਚ ਸਨ, ਉਪਰੋਂ ਰਾਜ ਕਰਮਚਾਰੀਆਂ ਤੇ ਈਸਾਈ ਪਾਦਰੀਆਂ ਦੇ ਹਮਲੇ ਤੇ ਸਭ ਤੋਂ ਵਧ ਕੇ ਦੁਖਦਾਈ ਆਰੀਆ ਸਮਾਜ ਦਾ ਪ੍ਰਚਾਰ ਸੀ। ਇਸ ਦੇ ਮੋਢੀ ਸਵਾਮੀ ਦਯਾਨੰਦ ਜੀ ਨੇ ੧੮੭੦ ਦੇ ਕਰੀਬ ਆਰੀਆ ਸਮਾਜ ਕਾਇਮ ਕੀਤਾ। ਉਂਞ ਤਾਂ ਇਹ ਸਭਨਾਂ ਦੇ ਵਿਰੁਧ ਹੈ, ਸਭਨਾਂ ਮਜ਼ਬਾਂ ਦੇ ਬਾਨੀਆਂ ਨੂੰ ਕੁਬਚਨ ਆਖਣੇ ਇਸ ਦੇ ਮੂਲ ਮੰਤ੍ਰ ਵਿਚ ਦਰਜ ਹਨ (ਦੇਖੋ ਸਤਯਾਰਥ ਪ੍ਰਕਾਸ਼, ਭਾਗ ੨) ; ਪਰ ਉਹਨਾਂ ਦਿਨਾਂ ਵਿਚ ਸਿਖਾਂ ਵਿਰੁਧ ਜ਼ਹਿਰ ਉਗਲਣ ਵਿਚ ਤਾਂ ਮਾਨੋ ਇਸ ਨੂੰ ਖਾਸ ਸੁਆਦ ਆਉਂਦਾ ਸੀ।

ਇਧਰੋਂ 'ਘਰ ਦਾ ਭੇਤੀ ਲੰਕਾ ਢਾਹੇ' ਦੇ ਅਨੁਸਾਰ ਗੁਰੂ-ਡਮ ਦਾ ਪ੍ਰਚਾਰ ਸ਼ੁਰੂ ਹੋ ਗਿਆ। ਸੋਢੀ ਤੇ ਬੇਦੀ ਆਦਿ ਗੁਰੂ ਅੰਸ ਕਹਾਣ ਵਾਲੇ ਗੁਰੂ ਬਣ ਬੈਠੇ। ਭੇਖੀ ਸਾਧਾਂ ਦੇ ਟੋਲਿਆਂ ਨੇ ਸਿਖਾਂ ਨੂੰ ਲੁਟ ਹੀ ਨਾ ਖਾਧਾ, ਸਗੋਂ ਅਜਿਹਾ ਕੁਰਾਹੇ ਪਾਇਆ ਕਿ ਸਿਖਾਂ ਨੂੰ ਆਪਣੀ ਅਸਲੀਅਤ

ਭੁਲ ਗਈ। ਗੁਰੁਦਵਾਰਿਆਂ, ਡੇਰਿਆਂ ਤੇ ਧਰਮਸਾਲਾਂ ਆਦਿ ਦੇ ਭਾਈ ਵਾੜ ਹੋ ਕੇ ਹੀ ਖੇਤ ਨੂੰ ਖਾਣ ਦੇ ਸਾਮਾਨ ਹੋ ਗਏ। ਦੇਹਧਾਰੀ ਗੁਰੂ ਥਾਂ ਥਾਂ ਖੁੰਬਾਂ ਵਾਂਗ ਨਿਕਲ ਪਏ। ਸ੍ਰਦਾਰ ਨਾਹਰ ਸਿੰਘ ਜੀ ਐਮ. ਏ. ਨੇ ਆਪਣੀ ਪੁਸਤਕ 'ਸਾਡੀ ਦਸ਼ਾ' ਸਫਾ ੪੪–੪੫ ਤੇ ਇਸ ਸਮੇਂ ਬਾਬਤ ਲਿਖਿਆ ਹੈ ਕਿ:–

"ਸੰਨ ੧੮੫੦ ਤੋਂ ਸੰਨ ੧੮੮੦ ਤਕ ਸਿਖ ਮੱਤ ਅੰਦਰ ਰਿਲੀਜੀਅਸ ਪੇਟਰੀਅਜ਼ (ਧਾਰਮਕ ਬਾਪਾਂ)ਦਾ ਬੜਾ ਭਾਰੀ ਜ਼ੋਰ ਚਲਿਆ। ਇਸ ਸਮੇਂ ਬੇਦੀਆਂ, ਸੋਢੀਆਂ, ਭੱਲਿਆਂ, ਗੁਰੂ ਕਿਆਂ ਸਾਹਿਬਜ਼ਾਦਿਆਂ, ਲੋਕਲ ਗੁਰੂਆਂ,ਸਾਧਾਂ ਦੀਆਂ ਜਮਾਇਤਾਂ ਨੇ ਸਿਖ ਪੰਥ ਨੂੰ ਲੁਟ ਖਾਧਾ।ਇਹ ਸਭ ਆਪਣੇ ਆਪਣੇ ਇਲਾਕਿਆਂ ਵਿਚ ਗੁਰੂ ਬਣ ਬੈਠੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਹੀ ਗੱਦੀਆਂ ਲਾ ਕੇ ਬੈਠਦੇ। ਗੁਰੂ ਸਿਖਾਂ ਤੋਂ ਆਪਣੇ ਪੈਰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਹੀ ਪੂਜਵਾਂਦੇ ਅਤੇ ਪੂਜਾ ਦਾ ਧਾਨ ਆਪ ਹੀ ਹਜ਼ਮ ਕਰ ਜਾਂਦੇ। ਇਸ ਸਮੇਂ ਗੁਰਸਿਖਾਂ ਦਾ ਕੋਈ ਧਾਰਮਿਕ ਜੱਥਾ ਯਾ ਸੁਸਾਇਟੀ ਨਾ ਰਹੀ ਅਤੇ ਆਪਾ ਧਾਪੀ ਅਤੇ ਮਾਇਆ ਖਾਣ ਨੂੰ ਹਰ ਇਕ ਤਿਆਰ ਹੋ ਬੈਠਾ। ਤਖਤਾਂ, ਧਾਮਾਂ, ਬੁੰਗਿਆਂ, ਡੇਰਿਆਂ ਨੂੰ ਮਹੰਤ ਯਾ ਨਾਜ਼ਮ ਆਪਣੀ ਜੱਦੀ ਜਾਇਦਾਦ ਸਮਝਣ ਲਗੇ। ਕੁਰੀਤੀਆਂ ਪ੍ਰਚਲਤ ਹੋ ਗਈਆਂ ਅਤੇ ਸਿਖ ਵਿਚਾਰੇ ਅੰਧ ਕੂਪ ਵਿਚ ਰਾਹ ਭਾਲਣ ਲਈ ਟਕਰਾਂ ਪਏ ਮਾਰਦੇ ਫਿਰਨ ਆਦਿ।"

ਗਲ ਕੀ, ਡਿਗਦੇ ਡਿਗਦੇ ਸਿਖ ਇਥੋਂ ਤਕ ਗਿਰੇ ਕਿ ਸ਼ਕਲ ਸਿਖ ਦੀ ਅਰ ਵਿਚੋਂ ਬ੍ਰਾਹਮਣਾਂ ਦੇ ਚੇਲੇ ਹੋ ਸਿਖ ਧਰਮ ਤੇ ਗੁਰੂ ਵਾਕਾਂ ਨੂੰ ਉੱਕਾ ਹੀ ਭੁਲ ਗਏ। ਸ੍ਰੀ ਰਾਮ ਚੰਦਰ ਜੀ ਤੇ ਸ੍ਰੀ ਕ੍ਰਿਸ਼ਨ ਜੀ ਦੀਆਂ ਕਹਾਣੀਆਂ ਇਹਨਾਂ ਦਾ ਧਰਮ ਅਰ ਦੀਵਾਲੀ,ਦੁਸਹਿਰਾ ਇਨ੍ਹਾਂ ਦੇ ਦਿਹਾਰ, ਦੇਵੀ ਦੇਵਤੇ ਇਨ੍ਹਾਂ ਦਾ ਇਸ਼ਟ, ਇਕੱਲਾਂ ਪਾਖੰਡੀ ਇਨ੍ਹਾਂ ਦਾ ਗੁਰੂ ਤੇ ਹਿੰਦੂਆਂ ਦੇ ਪੁਰਾਨ ਇਹਨਾਂ ਸਿਖਾਂ ਦੀ ਜਾਨ ਹੋ ਗਏ। ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅਵਤਾਰ ਧਾਰਨ ਦੇ ਦਿਨਾਂ ਦਾ ਪਤਾ ਨਹੀਂ, ਦੀਵਾਲੀ ਤੇ ਦੁਸਹਿਰੇ ਨੂੰ ਚਾਹੇ ਖੁਸ਼ੀ ਦੇ ਮਾਰੇ ਖਰਚ ਨਾਲ ਦੀਵਾਲਾ

ਨਿਕਲਦਾ ਜਾਏ। ਜੇ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣਾ ਪੈਂਦਾ ਤਾਂ ਇਸਤਰਾਂ, ਜੀਕਰ ਸਾਧ ਅਰ ਪਥਰ ਅਗੇ ਝੁਕਦੇ ਹਨ। ਗੁਰੂ ਸਾਹਿਬ ਇਹਨਾਂ ਦੇ ਲਈ ਹਿੰਦੂ ਧਰਮ ਦੀ ਖਿਚੜੀ ਦਾ ਹਿਸਾ ਹੋ ਗਏ ਤੇ ਸਿਖ ਧਰਮ ਪੁਸਤਕਾਂ ਵਿਚ ਰਹਿ ਗਿਆ। ਸਭ ਥਾਂ ਸੰਧਿਆ ਗਾਇਤ੍ਰੀ ਦੀ ਅਰਦਾਸ ਅਰ ਚੌਵੀ ਅਵਤਾਰਾਂ ਦਾ ਧਿਆਨ ਧਰ ਕੇ ਵਾਹਿਗੁਰੂ ਦਾ ਜਾਪ ਹੋਣ ਲੱਗਾ। ਸ਼ਾਦੀ, ਗਮੀ ਅਰ ਰੋਜ਼ ਦੇ ਵਿਹਾਰ ਵਿਚ ਬ੍ਰਾਹਮਣਾਂ ਦੀ ਪੂਰੀ ਚਲਦੀ,ਭਦਨ ਹੁੰਦੇ ਤੇ ਕਛਹਿਰੇ ਦੇ ਥਾਂ ਧੋਤੀ ਬੰਨ੍ਹਵਾਈ ਜਾਂਦੀ। ਇਹ ਸਿਖਾਂ ਦੀ ਉਸ ਸਮੇਂ ਦੀ ਹਾਲਤ ਦਾ ਕੁਝ ਨਮੂਨਾ ਸੀ।

ਹੁੱਸੜ ਦੇ ਮਗਰੋਂ ਅਨ੍ਹੇਰੀ ਤੇ ਮੀਂਹ ਆਉਂਦਾ ਹੈ। ਤਿਵੇਂ ਸਿਖਾਂ ਦੀ ਇਸ ਗਿਰਾਵਟ ਤੇ ਗਫਲਤ ਮਗਰੋਂ ਖਾਲਸਈ ਖੂਨ ਨੇ ਕਿਸੇ ੨ ਦਿਲ ਵਿਚ ਉਬਾਲਾ ਖਾਧਾ। ਪੋਠੋਹਾਰ ਦੇ ਇਲਾਕੇ ਵਿਚ ਨਿਰੰਕਾਰੀ ਲਹਿਰ, ਜੋ ਬਾਬਾ ਦਿਆਲ ਜੀ ਨੇ ਚਲਾਈ ਸੀ, ਜ਼ੋਰਾਂ ਤੇ ਹੋਈ। ਇਹਨਾਂ ਦੇ ਬਾਨੀਆਂ ਦਾ ਮਤਲਬ ਨਿਰਾ ਗੁਰਮਤ ਦੇ ਅਸੂਲ ਦਾ ਪ੍ਰਚਾਰ ਕਰਨਾ ਸੀ, ਜੋ ਬੜੇ ਦੁਖ ਝਲ ਕੇ ਭੀ ਕਰਦੇ ਰਹੇ; ਪਰ ਛੋਟੀ ਹੀ ਸਿਖੀ ਸੇਵਕੀ ਹੋਵਣ ਕਾਰਨ ਗੁਰੂ-ਡਮ ਭੀ ਆ ਗਿਆ, ਜਿਸ ਕਾਰਨ ਇਹ ਲਹਿਰ ਪੋਠੋਹਾਰ ਤੋਂ ਬਾਹਰ ਨਾ ਵਧ ਸਕੀ। ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵੇਲੇ ਭਾਈ ਰੱਤਾ ਜੀ ਇਸ ਲਹਿਰ ਦੇ ਮੋਢੀ ਸਨ। ਇਨ੍ਹਾਂ ਦਾ ਪ੍ਰਚਾਰ ਇਹ ਸੀ:–

'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨੋ; ਸੂਤਕ ਪਾਤਕ ਨਹੀਂ ਰਖਣੇ ਚਾਹੀਦੇ; ਸ਼ਰਾਧ ਨਹੀਂ ਕਰਨੇ ਚਾਹੀਦੇ; ਵਿਆਹ ਸ਼ਾਦੀਆਂ, ਮਰਨੇ ਪਰਨੇ ਸਭ ਗੁਰਬਾਣੀ ਦੀ ਸਿਖਿਆ ਅਨੁਸਾਰ ਕਰਨੇ ਚਾਹੀਦੇ ਹਨ'; ਆਦਿ।

ਦੂਜੇ ਪਾਸੇ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਨੂੰ ਗੜ੍ਹ ਬਣਾ ਕੇ ਬਾਬਾ ਰਾਮ ਸਿੰਘ ਜੀ ਨੇ ਸਿਖਾਂ ਨੂੰ ਜਥੇਬੰਦ ਕਰਨ ਦਾ ਉਪਰਾਲਾ ਕੀਤਾ, ਜੋ ਅਜ 'ਨਾਮਧਾਰੀ ਲਹਿਰ' ਨਾਮ ਨਾਲ ਮਸ਼ਹੂਰ ਹੈ। ਨਿਰੰਕਾਰੀਆਂ ਵਾਂਗ ਆਪ ਜੀ ਭੀ ਪਛਮੀ ਲਹਿਰ ਦੇ ਵਿਰੋਧੀ ਸਨ। ਸੋ ਇਸ ਸਮੇਂ ਸਰਕਾਰੀ ਨੌਕਰੀਆਂ, ਸਕੂਲਾਂ, ਕਚਹਿਰੀਆਂ, ਡਾਕਖਾਨੇ, ਤਾਰ ਘਰ ਅਤੇ ਰੇਲਵੇ ਆਦਿ ਸਭ ਸਰਕਾਰੀ ਚੀਜ਼ਾਂ ਦੇ ਬਾਈਕਾਟ ਦਾ ਬੜਾ ਜ਼ੋਰ ਨਾਲ ਪ੍ਰਚਾਰ ਹੋਇਆ। ਬਦੇਸ਼ੀ ਚੀਜ਼ਾਂ ਤੇ ਕਪੜੇ ਦੀ ਵਰਤੋਂ ਖਾਸ

ਕਰ ਬੰਦ ਕੀਤੀ ਗਈ। ਇਸ ਦੇ ਨਾਲ ਹੀ ਬਾਬਾ ਜੀ ਨੇ ਇਸ ਲਹਿਰ ਨਾਲ ਸਿਖਾਂ ਵਿਚ ਸ਼ੁਧ, ਸਾਦਾ, ਸਚਾ ਆਚਰਨ ਲਿਆਂਦਾ ਅਤੇ ਕਿਰਤ ਕਮਾਈ ਕਰ ਕੇ ਆਪਣਾ ਨਿਰਬਾਹ ਕਰਨਾ ਸਿਖਾਇਆ। ਗੁਰਬਾਣੀ ਦਾ ਪ੍ਰੇਮ, ਵੰਡ ਛਕਣ ਦਾ ਗੁਣ ਅਤੇ ਨਾਮ* ਜਪਣ ਦਾ ਅਭਿਆਸ ਫਿਰ ਮੁੜ ਸ਼ੁਰੂ ਹੋਇਆ । ਬਾਲ ਵਿਆਹ, ਸ਼ਰਾਬ, ਵਿਆਹਾਂ ਤੇ ਨਾਜਾਇਜ਼ ਖਰਚਾਂ ਦੀ ਸਮਝ ਆਉਣ ਲਗੀ ਤੇ ਇਹ ਭੀ ਘਟਣ ਲਗਾ। ਇਹ ਸਭ ਕੁਝ ਵੇਖ ਕੇ ਵੇਲੇ ਦੀ ਸਰਕਾਰ ਨੂੰ ਤੌਖਲਾ ਹੋਇਆ ਤੇ ਨਾਮਧਾਰੀ ਲਹਿਰ ਨੂੰ ਕੈਰੀ ਨਜ਼ਰ ਨਾਲ ਵੇਖਿਆ ਗਿਆ । ਬੰਦਸ਼ਾਂ ਹੋਣ ਕਾਰਨ ਨਾਮਧਾਰੀ ਜੋਸ਼ ਘਟਿਆ ਤੇ ੧੮੬੮ ਵਿਚ ਸਰਕਾਰ ਨੇ ਬੰਦਸ਼ਾਂ ਭੀ ਹਟਾ ਲਈਆਂ। ਇਸ ਦਾ ਚੰਗਾ ਅਸਰ ਹੋਇਆ ਤੇ ਨਾਮਧਾਰੀ ਲਹਿਰ ਪਹਿਲਾਂ ਤੋਂ ਭੀ ਗਰਮ ਹੋਈ। ਨਾਮਧਾਰੀ ਗਊ-ਬਧ ਦੇ ਕਟੜ ਵਿਰੋਧੀ ਸਨ ਹੀ ਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਾਗੇ ਸਰਕਾਰੀ ਹੁਕਮ*

---

*ਗਵਰਨਰ ਜਨਰਲ ਦੇ ਹੁਕਮ ਅਨੁਸਾਰ ਰੈਜ਼ੀਡੈਂਟ H. M. ਲਾਰੰਸ ਵਲੋਂ ੨੪ ਮਾਰਚ ੧੮੪੭ ਨੂੰ ਇਹ ਸਰਕਾਰੀ ਹੁਕਮ ਦਿਤਾ ਗਿਆ ਸੀ । ਅਜ ਤਕ ਇਹ ਹੁਕਮ ਸ੍ਰੀ ਦਰਬਾਰ ਸਾਹਿਬ ਜੀ ਸ੍ਰੀ ਅੰਮ੍ਰਿਤਸਰ ਦੇ ਤੋਸ਼ਾਖਾਨੇ ਵਿਚ ਇਕ ਪਲੇਟ ਤੇ ਅੰਗਰੇਜ਼ੀ ਵਿਚ ਉਕਰਿਆ ਹੋਇਆ ਹੈ। ਇਸ ਵਿਚ ਸਾਫ ਲਿਖਿਆ ਹੈ ਜੋ ਅੰਮ੍ਰਿਤਸਰ ਜੀ ਵਿਖੇ ਗਊ ਬਧ ਨਹੀਂ ਹੋਵੇਗਾ। ਹੁਕਮ ਇਸ ਤਰ੍ਹਾਂ ਹੈ:–

The priests of Amritsur having complained of annoyances, this is to make known to all concerned, that by order of the Governor-General, British subjects are forbidden to enter the Temple (called the Durbar) or its precincts at Amritsur, or indeed any Temple with shoes on. Kine are not to be killed at Amritsur, nor are Seikhs to be molested, or, in any way to be interfered with. Shoes are to be taken off at the Bhoonga at the corner of the Tank and no person is to walk round the Tank with his shoes on.

LAHORE.
March 24, 1847.

H. M. Lawrence
Resident.

ਵਿਰੁਧ ਗਊ-ਬਧ ਹੋਵਣ ਕਾਰਨ ਕਾਫੀ ਜੋਸ਼ ਫੈਲ ਰਿਹਾ ਸੀ; ਪਰ ੧੪, ੧੫ ਜਨਵਰੀ ੧੮੭੨ ਨੂੰ ਮਲੇਰ ਕੋਟਲੇ ਨਾਮਧਾਰੀ ਸਜਣਾਂ ਜੋਸ਼ ਵਿਚ ਆ ਕੁਝ ਬੁਚੜ ਵਢੇ। ਇਸ ਨਾਲ ਨਾਮਧਾਰੀਆਂ ਤੇ ਜ਼ਬਰਦਸਤ ਆਫ਼ਤ ਆ ਪਈ। ਨਾਮਧਾਰੀ ਘੇਰੇ ਗਏ, ਜਿਨ੍ਹਾਂ ਚੋਂ ੪੯ ਸਿੰਘ ਬਿਨਾਂ ਪੜਤਾਲ ਕੀਤੇ ਜਾਂ ਮੁਕੱਦਮਾ ਚਲਾਏ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿ. ਕਾਵਨ ਦੇ ਹੁਕਮ ਨਾਲ ਤੋਪਾਂ ਨਾਲ ਉਡਾ ਦਿਤੇ ਗਏ। ਬਾਕੀ ਦੇ ਸਿੰਘਾਂ ਦਾ ਦੂਸਰੇ ਦਿਨ ਕਮਿਸ਼ਨਰ ਮਿ. ਫੋਰਸਿਥ ਨੇ ਮੁਕੱਦਮਾ ਸੁਣਿਆ ਤੇ ਬਾਕੀਆਂ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ। ਇਸ ਤਰ੍ਹਾਂ ਬੇ-ਰਹਿਮੀ ਤੋਂ ਕਾਨੂਨ ਵਿਰੁਧ ਕੰਮ ਲਿਆ ਗਿਆ ਤੇ ੧੫੦ ਸਿੰਘ ਸ਼ਹੀਦ ਹੋਏ। ਸੈਂਕੜੇ ਨਜ਼ਰਬੰਦ ਤੇ ਕੈਦ ਕੀਤੇ ਗਏ। ਸ੍ਰੀ ਬਾਬਾ ਰਾਮ ਸਿੰਘ ਜੀ ਨੂੰ ਭੀ ਜਲਾ-ਵਤਨ ਕਰ ਕੇ ਰੰਗੂਨ ਭੇਜਿਆ ਗਿਆ। ਗੁਰਦਵਾਰਾ ਭੈਣੀ ਸਾਹਿਬ ਦੇ ਬੂਹੇ ਤੇ ਪੁਲਸ ਦਾ ਪਹਿਰਾ ਲਗ ਗਿਆ ਤੇ ਸਾਰਿਆਂ ਨਾਮਧਾਰੀ ਸਿੰਘਾਂ ਦੀ ਵਾਧੇ ਜ਼ੋਰ ਨਾਲ ਨਿਗ੍ਹਾਬਾਨੀ ਹੋਣ ਲਗੀ, ਜਿਸ ਕਾਰਨ ਇਹ ਲਹਿਰ ਮਧਮ ਪੈ ਗਈ।

ਸ੍ਰੀ ਗੁਰੂ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਜੀ

੧੮੭੨ ਵਿਚ ਨਾਮਧਾਰੀ ਹਾਦਸਾ ਹੋ ਜਾਣ ਕਾਰਨ ਸਿਖਾਂ ਦੀ ਨੀਂਦ ਫੇਰ ਗੂੜ੍ਹੀ ਹੋ ਗਈ।

ਈਸਾਈਆਂ ਨੇ ਪ੍ਰਚਾਰ ਵਧੇਰਾ ਕਰ ਥਾਂ ਥਾਂ ਕਈ ਮਿਸ਼ਨ ਸਕੂਲ ਖੋਲ੍ਹੇ ਤੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਹਜ਼ਰਤ ਯਸੂਹ ਮਸੀਹ ਦੇ ਭਗਤ ਬਣਾਉਣਾ ਸ਼ੁਰੂ ਕੀਤਾ; ਪਰ ਇਹ ਸਭ ਆਪੋ ਆਪਣੀ ਥਾਂਵਾਂ ਪਰ ਸਾਵਧਾਨ ਹੋ ਗਏ; ਪਰ ਸਿਖ ਅਜੇ ਇਸ ਗੱਲ ਵਲੋਂ ਲਾ ਪ੍ਰਵਾਹ ਹੋ ਰਹੇ ਸਨ। ਉਨ੍ਹਾਂ ਦੇ ਬੱਚੇ ਮਿਸ਼ਨ ਸਕੂਲਾਂ ਵਿਚ ਪੜ੍ਹਨ ਕਾਰਣ ਈਸਾਈ ਮਤ ਸਿਖ ਧਰਮ ਦੇ ਮੁਕਾਬਲੇ ਤੋਂ ਵਧੇਰੇ ਜਾਣਦੇ ਸਨ। ਸੰਮਤ ੧੯੩੦ ਮੁਤਾਬਿਕ ੪੦੪ ਨਾਨਕ ਸ਼ਾਹੀ ਨੂੰ ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਸਿਖ ਵਿਦਿਆਰਥੀਆਂ—ਅਤਰ

ਸਿੰਘ, ਸਾਧੂ ਸਿੰਘ, ਆਇਆ ਸਿੰਘ ਆਦਿ ਨੇ ਈਸਾਈ ਹੋਣ ਦੀ ਇੱਛ ਜ਼ਾਹਿਰ ਕੀਤੀ। ਜਦ ਸਿਖਾਂ ਨੂੰ ਘਰ ਭਾਂਬੜ ਮਚਦਾ ਨਜ਼ਰ ਆਇਆ ਤਾਂ ਬੜਾ ਭਾਰੀ ਅਫਸੋਸ ਹੋਇਆ। ਸਮਝਾ ਬੁਝਾ ਕੇ ਇਨ੍ਹਾਂ ਨੌਜਵਾਨਾਂ ਨੂੰ ਪਤਿਤ ਹੋਣ ਤੋਂ ਬਚਾ ਲਿਆ ਗਿਆ। ਅਜੇ ਇਹ ਵਿਚਾਰ ਹੀ ਸੀ ਕਿ ਫਿਲੌਰ ਤੋਂ ਇਕ ਪੰਡਤ ਨੇ ਅੰਮ੍ਰਿਤਸਰ ਆ ਕੇ ਗੁਰੂ ਕੇ ਬਾਗ ਵਿਚ ਕਥਾ ਕਰਨੀ ਸ਼ੁਰੂ ਕਰ ਦਿਤੀ। ਇਸ ਕਥਾ ਵਿਚ ਉਸ ਨੇ ਸ੍ਰੀ ਗੁਰੂ ਸਾਹਿਬਾਨ ਦੀ ਸ਼ਾਨ ਵਿਚ ਬਹੁਤ ਕੁਝ ਅਯੋਗ ਕਿਹਾ। ਇਹ ਉਸ ਦਾ ਸਿਖਾਂ ਦੇ ਮੰਦਰ ਵਿਚ ਸਿਖਾਂ ਦੇ ਬਰਖਿਲਾਫ ਕਹਿਣਾ ਅਰ ਸਰੋਤਿਆਂ ਦਾ ਸੁਣਨਾ ਤੇ ਕਿਸੇ ਦਾ ਨਾ ਚੌਂਕਣਾ ਇਕ ਅਚਰਜ ਨਜ਼ਾਰਾ ਸੀ। ਕਿਸੇ ਪਾਸੇ ਤੋ ਕੋਈ ਆਵਾਜ਼ ਪੈਦਾ ਨਾ ਹੋਈ ਅਰ ਪੰਡਤ ਜੀ ਛਾਤੀ ਤੇ ਬੈਠ ਕੇ ਮੂੰਗ ਦਲਦੇ ਰਹੇ।

ਜਦ ਇਸ ਪ੍ਰਚਾਰ ਦਾ ਅਸਰ ਸਿਖ ਨੌਜਵਾਨਾਂ ਤੇ ਫਲ ਲਿਆਉਣ ਲਗਾ ਤਾਂ ਹੋਸ਼ ਆਈ ਤੇ ਕੁਝ ਮਿਤ੍ਰਾਂ ਰਲ ਕੇ ਪੰਡਤ ਜੀ ਦੇ ਨਾਸਤਕ ਮਤੇ ਤੇ ਗੁਰਮਤ ਨਿੰਦਾ ਦੇ ਪ੍ਰਸ਼ਨਾਂ ਦੇ ਉਤਰ ਦੇਣੇ ਸ਼ੁਰੂ ਕੀਤੇ ਅਰ ਸ਼ਾਸਤ੍ਰਾਰਥ ਵਾਸਤੇ ਵੰਗਾਰ ਕੀਤੀ। ਪੰਡਤ ਹੁਰੀ ਤਾਂ ਪਤਰਾ ਵਾਚ ਗਏ। ਇਹਨਾਂ ਸਜਣਾਂ ਦੇ ਪ੍ਰੇਮ, ਉਦਮ ਤੇ ਕੰਮ ਨਾਲ ਸੰਗਤ ਦੀ ਜਾਗ ਖੁਲ੍ਹੀ।

ਅਗੇ ਲਈ ਇਸ ਵਬਾ ਦੇ ਖਤਰੇ ਤੋਂ ਬਚਣ ਲਈ ਕੋਈ ਸਭਾ ਬਣਾਉਣ ਦੀ ਲੋੜ ਪ੍ਰਤੀਤ ਹੋਈ। ਸੋ ਸੰਮਤ ਨਾਨਕਸ਼ਾਹੀ ੪੦੪, ਸੰਮਤ ੧੯੩੦ ਨੂੰ ਸਰਦਾਰ ਠਾਕਰ ਸਿੰਘ ਜੀ ਸੰਧਾਵਾਲੀਏ* ਦੀ ਹਿੰਮਤ ਨਾਲ

*ਸ੍ਰਦਾਰ ਠਾਕਰ ਸਿੰਘ ਜੀ ਸੰਧਾਵਾਲੀਏ—ਆਪ ਸਧਾਵਾਲੀਏ ਸ੍ਰਦਾਰ ਲਹਿਣਾ ਸਿੰਘ ਜੀ ਦੇ ਘਰ ਜਨਮੇ। ਛੋਟੀ ਉਮਰ ਵਿਚ ਹੀ ਪੰਜਾਬੀ ਰਾਜ ਤੋਂ ਅੰਗਰੇਜ਼ੀ-ਰਾਜ ਹੋ ਗਿਆ। ਸੋ ਆਪ ੧੮੪੮–੪੯ ਦੀ ਉਥੱਲ ਪਥੱਲ ਵਿਚ ਕੋਈ ਹਿਸਾ ਨਾ ਲੈ ਸਕੇ। ਇਸ ਲਈ ਆਪ ਦੀ ਜਾਗੀਰ ਆਦਿ ਲਗੀ ਰਹੀ। ੧੮੫੬ ਵਿਚ ਆਪ ਈ. ਏ. ਸੀ. ਬਣਾਏ ਗਏ। ੧੮੭੩ ਵਿਚ ਆਪ ਨੇ ਹੋਰ ਸੇਵਕਾਂ ਨਾਲ ਰਲ ਸਿੰਘ ਸਭਾ ਅੰਮ੍ਰਿਤਸਰ

(ਬਾਕੀ ਦੇਖੋ ਅਗਲਾ ਪੰਨਾ)

ਅਸੂ ਸੁਦੀ ਦਸ ਨੂੰ ਸਿਖਾਂ ਦਾ ਬੜਾ ਭਾਰੀ ਇਕੱਠ ਹੋਇਆ, ਜਿਸ ਵਿਚ ਗੁਰਦਵਾਰਿਆਂ ਦੇ ਪੁਜਾਰੀ ਸਿੰਘਾਂ, ਗਿਆਨੀਆਂ, ਗ੍ਰੰਥੀਆਂ, ਉਦਾਸੀਆਂ, ਨਿਰਮਲਿਆਂ ਅਤੇ ਹੋਰ ਸਿਖ ਸਮਾਜ ਦੀਆਂ ਸ਼੍ਰੇਣੀਆਂ ਦੇ ਸਭ ਆਦਮੀ ਸਨ। ਇਸੇ ਦਿਨ 'ਸ੍ਰੀ ਗੁਰੂ ਸਿੰਘ ਸਭਾ ਲਹਿਰ' ਦਾ ਅਸਲੀ ਆਰੰਭ ਹੋਇਆ ਤੇ ਸ੍ਰੀ ਅੰਮ੍ਰਿਤਸਰ ਜੀ ਵਿਖੇ ਸ੍ਰੀ ਗੁਰੂ ਸਿੰਘ ਸਭਾ ਬਣਾਈ ਗਈ। ਅੰਮ੍ਰਿਤਸਰ ਦੇ ਮਸ਼ਹੂਰ ਗਿਆਨੀ ਖਾਨਦਾਨ ਦੇ ਗਿਆਨੀ ਗਿਆਨ ਸਿੰਘ ਜੀ ਸਕੱਤ੍ਰ ਬਣਾਏ ਗਏ ਅਤੇ ਸਰਦਾਰ ਅਮਰ ਸਿੰਘ ਜੀ ਮੀਤ ਸੇਵਕ ਅਤੇ ਖਜ਼ਾਨਚੀ ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ ਵਾਲੇ ਥਾਪੇ ਗਏ। ਇਸ ਸਭਾ ਦਾ ਮੁਖ ਮੰਤਵ ਸਿਖ ਧਰਮ ਅਤੇ ਸਮਾਜ ਅੰਦਰ ਆ ਪਈਆਂ ਕੁਰੀਤੀਆਂ ਦੂਰ ਕਰ ਕੇ ਸਿਖ ਧਰਮ ਦੀ ਅਸਲੀ ਮਰਯਾਦਾ ਕਾਇਮ ਕਰਨਾ ਸੀ।

ਇਸ ਸਭਾ ਵਲੋਂ ਹੌਲੀ ਹੌਲੀ ਖਾਲਸਾ ਸਕੂਲ ਖੋਲ੍ਹਿਆ ਗਿਆ ਤੇ ਗੁਰਮੁਖੀ ਅਖਬਾਰ ਪ੍ਰਕਾਸ਼ਤ ਹੋਵਣ ਲਗੇ। ਗੁਰਮਤ ਪ੍ਰਚਾਰ ਦਾ ਪ੍ਰਵਾਹ ਭੀ ਜਾਰੀ ਹੋਇਆ ਤੇ ਮੰਜੀ ਸਾਹਿਬ ਦਰਬਾਰ ਸਾਹਿਬ ਇਕਤ੍ਰਤਾ ਦੀ ਥਾਂ ਪ੍ਰਸਿਧ ਹੋਈ; ਪਰ ਸਭ ਤੋਂ ਵਡਾ ਕੰਮ, ਜੋ ਇਸ ਸਭਾ ਨੇ ਕੀਤਾ, ਉਹ ਸਿਖ ਇਤਿਹਾਸ ਦੀ ਖੋਜ ਸੀ। ਨਿਰੇ ਸ੍ਰੀ ਅੰਮ੍ਰਿਤਸਰ ਜੀ ਦੇ ਹੀ ਨਹੀਂ ਸਗੋਂ ਬਾਹਰ ਦੇ ਵਿਦਵਾਨ ਭੀ ਇਕੱਤ੍ਰ ਹੋ ਕੇ ਵੀਚਾਰਾਂ ਕਰਦੇ ਸਨ। ਸਿੰਘ ਸਭਾ ਦੀ ਆਪਣੀ ਇਕ ਮਹੀਨੇ ਦੀ ਆਯੂ ਵਿਚ ਹੀ ਕਤਕ ਸੁਦੀ ੮ ਸੰਮਤ ੪੦੪ ਨਾਨਕ ਸ਼ਾਹੀ ਵਾਲੇ ਦਿਨ ਇਹ ਸਿਲਸਿਲਾ ਸ਼ੁਰੂ ਹੋਇਆ

(ਪਿਛਲੇ ਸਫੇ ਦੇ ਨੋਟ ਦੀ ਬਾਕੀ)

ਦਾ ਅਰੰਭ ਕੀਤਾ। ੧੮੮੫ ਵਿਚ ਆਪ ਇੰਗਲੈਂਡ ਗਏ ਤੇ ਉਥੇ ਨੌ ਮਹੀਨੇ ਮਹਾਰਾਜਾ ਦਲੀਪ ਸਿੰਘ ਜੀ ਦੇ ਪ੍ਰਾਹੁਣੇ ਬਣ ਕੇ ਰਹੇ। ੧੮੮੬ ਵਿਚ ਵਲਾਇਤ ਤੋਂ ਵਾਪਸ ਆਉਂਦਿਆਂ ਹੀ ਆਪ ਸਾਰੇ ਟਬਰ ਸਣੇ ਪਾਂਡੀਚਰੀ (ਜੋ ਫਰਾਂਸ ਦਾ ਇਲਾਕਾ ਹੈ) ਚਲੇ ਗਏ ਤੇ ਉਥੇ ਹੀ ਦਸੰਬਰ ੧੮੮੭ ਵਿਚ ਇਸ ਪੰਚ ਭੂਤਕ ਸ੍ਰੀਰ ਦਾ ਤਿਆਗ ਕੀਤਾ। ਇਸੇ ਕਾਰਨ ਆਪ ਸਿੰਘ ਸਭਾ ਲਹਿਰ ਵਿਚ ਵਧੇਰਾ ਹਿਸਾ ਨਾ ਲੈ ਸਕੇ।

ਤੇ ਪਹਿਲਾ ਪ੍ਰਸ਼ਨ ਗਿਆਨੀ ਸਰਦੂਲ ਸਿੰਘ ਜੀ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦੇ ਪਵਿਤ੍ਰ ਦਿਹਾੜੇ ਸੰਬੰਧੀ ਸੀ। ਆਪ ਜੀ ਦਾ ਮਤ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਜਨਮ ਦਿਹਾੜਾ ਵਿਸਾਖ ਸੁਦੀ ੩ ਦਾ ਹੈ। ਇਸ ਪੁਰ ਬੜੀਆਂ ਬੜੀਆਂ ਬਹਿਸਾਂ ਹੋਈਆਂ; ਪਰ ਪਾਰਟੀਬਾਜ਼ੀ ਦਾ ਵਿਖੇਵਾਂ ਨਹੀਂ ਸੀ। ਹਠ ਕੋਈ ਕਰਦਾ ਨਹੀਂ ਸੀ। ਮਤਭੇਦ ਵਾਲੇ ਵਿਦਵਾਨਾਂ ਦੀ ਭੀ ਪੂਰੀ ੨ ਕਦਰ ਕੀਤੀ ਜਾਂਦੀ ਸੀ, ਜਿਸ ਕਾਰਨ ਹਰ ਇਕ ਖੋਜੀ ਪੂਰੀ ਪੂਰੀ ਤਿਆਰੀ ਕਰ ਇਸ ਬਹਿਸ ਵਿਚ ਹਿਸਾ ਲੈਂਦਾ ਸੀ ਤੇ ਦੋਹਾਂ ਪਾਸਿਆਂ ਤੋਂ ਬੜੇ ਬੜੇ ਜ਼ਬਰਦਸਤ ਸਬੂਤ ਦਿਤੇ ਜਾਂਦੇ ਸਨ ਤੇ ਹਰ ਇਕ ਪੁਰਸ਼ ਇਸ ਬਹਿਸ ਵਿਚ ਹਿਸਾ ਲੈ ਸਕਦਾ ਸੀ। ਇਹ ਬਹਿਸ ਜ਼ਰੂਰੀ ਹੋਣ ਦੇ ਕਾਰਨ ਪੂਰੇ ਤਿੰਨ ਸਾਲ ਹੁੰਦੀ ਰਹੀ। ਇਸੇ ਤਰ੍ਹਾਂ ਹਰ ਇਕ ਗੁਰਪੁਰਬ ਦੀ ਤਾਰੀਖ਼ ਸੰਬੰਧੀ ਪੂਰੀ ਪੂਰੀ ਖੋਜ ਕਰ ਕੇ ਕਈ ਸਾਲਾਂ ਪਿਛੋਂ ਇਕ ਗੁਰ-ਪ੍ਰਨਾਲੀ ਤਿਆਰ ਕੀਤੀ ਗਈ ਸੀ।

ਇਸੇ ਸਿਲਸਿਲੇ ਨੂੰ ਜਾਰੀ ਰਖਣ ਲਈ ਸ੍ਰੀ ਅੰਮ੍ਰਿਤਸਰ ਜੀ ਵਿਖੇ ੨੮ ਚੇਤਰ ਸੰਮਤ ੪੧੬ ਗੁ: ਨਾ: ਸੰਨ ੧੮੮੫ ਈ: ਸੰਮਤ ੧੯੪੨ ਬਿ: ਨੂੰ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਸ੍ਰੀ ਅੰਮ੍ਰਿਤਸਰ ਜੀ ਵਿਖੇ ਕਾਇਮ ਹੋਈ ਸੀ।

ਗੁਰ-ਪ੍ਰਨਾਲੀ ਪਿਛੋਂ ਸਿਖ ਇਤਿਹਾਸ ਦੀਆਂ ਕਈ ਸਾਖੀਆਂ ਤੇ ਬਹਿਸ ਹੋਈ ਤੇ ਇਸ ਦਾ ਅਖੀਰਲਾ ਬਹਿਸ ਮੁਬਾਹਿਸਾ ਦਸਮੇਸ਼ ਗ੍ਰੰਥ ਜੀ ਬਾਬਤ ਸੀ। ਇਹ ਸੇਵਾ ਖ਼ਾਲਸਾ ਦੀਵਾਨ ਅੰਮ੍ਰਿਤਸਰ ਨੇ ਗੁਰਮਤ ਗ੍ਰੰਥ ਪ੍ਰਚਾਰਕ ਸਭਾ ਸ੍ਰੀ ਅੰਮ੍ਰਿਤਸਰ ਨੂੰ ਸੌਂਪੀ। ਇਸ ਦਾ ਕੁਲ ਖਰਚ ਇਸ ਸਭਾ ਦੇ ਸਕੱਤ੍ਰ ਭਾਈ ਆਗਯਾ ਸਿੰਘ ਜੀ ਹਕੀਮ ਦੇ ਸਪੁੱਤ੍ਰ ਭਾਈ ਮੰਨਾ ਸਿੰਘ ਜੀ ਨੇ ਆਪਣੇ ਜ਼ਿਮੇ ਲਿਆ। ਅਡ ਅਡ ਤਰ੍ਹਾਂ ਦੇ ੩੨ (ਬੱਤੀ) ਦਸਮ ਗ੍ਰੰਥ ਅਡੋ ਅਡ ਥਾਵਾਂ ਤੋਂ ਇਕੱਠੇ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਲਿਆਂਦੇ ਗਏ ਤੇ ਇਥੇ ਦਸਮ ਗ੍ਰੰਥ ਦੀ ਅਸਲੀਅਤ ਦਾ ਨਿਰਣਯ ਕਰਨ ਲਈ ਵਡੇ ਵਡੇ ਵਿਦਵਾਨ, ਪੰਡਤ ਤੇ ਗਿਆਨੀ ਇਕੱਠੇ ਹੋ ਕੇ ਬਹਿੰਦੇ ਸਨ। ੧ ਹਾੜ ੧੯੫੨ ਤੋਂ ਖੁਲ੍ਹੀ ਵਿਚਾਰ ਸ਼ੁਰੂ ਹੋ

ਫਗਣ ਸੰਮਤ ੧੯੫੨ ਐਤਵਾਰ ਨੂੰ ਸੁਧਾਈ ਸਮਾਪਤ ਹੋਈ। ਪੰਥ ਦੀਆਂ ਰਾਵਾਂ ਮੰਗੀਆਂ ਗਈਆਂ ਤੇ ਇਸ ਤਰ੍ਹਾਂ ਪੂਰਨ ਸੁਧਾਈ ਸਾਵਣ ੧੯੫੩ ਤਕ ਹੁੰਦੀ ਰਹੀ। ਇਹ ਸਾਰੀ ਰੀਪੋਰਟ ਤਿਆਰ ਹੋ ੧ ਫਗਣ ੧੯੫੪ ਨੂੰ ਪ੍ਰਕਾਸ਼ਤ ਕੀਤੀ ਗਈ, ਜਿਸ ਵਿਚ ਦਸਮ ਗ੍ਰੰਥ ਸੰਬੰਧੀ ਸਾਰੀ ਖੋਜ ਸੀ ਤੇ ਦਸਮ ਸਤਿਗੁਰੂ ਜੀ ਦੀ ਕਿਹੜੀ ੨ ਬਾਣੀ ਹੈ—ਦਾ ਵੇਰਵਾ ਸੀ; ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਤੇ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਜੀ ਦੀ ਇਸ ਸਾਰੀ ਸੇਵਾ ਦਾ ਫਲ ਅਜ ਕੁਝ ਉਂਗਲਾਂ ਤੇ ਗਿਣੇ ਜਾਣ ਤੋਂ ਭੀ ਘਟ ਸਤਪੁਰਸ਼ਾਂ ਪਾਸ ਹੈ।

ਇਸ ਸਭਾ ਵਲੋਂ ਹੇਠ ਲਿਖੇ ਛਪੇ ਟ੍ਰੈਕਟ ਮਸ਼ਹੂਰ ਹਨ:—ਗੁਰਪੁਰਬ ਪ੍ਰਕਾਸ਼, ਗੁਰਸਿਖਾਂ ਦੇ ਨਿਤ ਕਰਮ, ਸੱਦ ਸਿਧਾਂਤ, ਗੁਰਮਤ ਸਿਧਾਂਤ, ਗੁਰ ਬਿਲਾਸ ਕ੍ਰਿਤ ਕਵਿ ਸੁਖਾ ਸਿੰਘ ਜੀ, ਰਪੋਟ ਦਸਮ ਗ੍ਰੰਥ ਜੀ ਦੀ ਸੁਧਾਈ ਦੀ, ਯਾਤ੍ਰਾ ਸ੍ਰੀ ਹਜ਼ੂਰ ਸਾਹਿਬ, ਖਾਲਸਾ ਮਨਮੋਦਕ ਗੁਰਪੁਰਬ ਕਰਨ ਦੀ ਵਿਧੀ, ਗੁਰ-ਪ੍ਰਨਾਲੀ ਛੋਟੀ, ਆਦਿ।

ਇਹਨਾਂ ਵੀਚਾਰਾਂ ਤੇ ਉਤਸ਼ਾਹ ਦਾ ਸਿਟਾ ਹੀ ਸੀ ਕਿ ਗਿਆਨੀ ਗਿਆਨ ਸਿੰਘ ਜੀ ਦੇ ਤਵਾਰੀਖ ਖਾਲਸਾ ਤੇ ਪੰਥ ਪ੍ਰਕਾਸ਼ ਪ੍ਰਕਾਸ਼ਤ ਹੋਏ ਸਨ ਤੇ ਪੰਡਿਤ ਤਾਰਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਕੋਸ਼ ਤੇ ਤੀਰਥ ਸੰਗ੍ਰਹਿ ਆਦਿ ਕਮਾਲ ਦੀਆਂ ਪੁਸਤਕਾਂ ਲਿਖੀਆਂ।

ਫੇਰ ਖਾਲਸਾ ਟ੍ਰੈਕਟ ਸੁਸਾਇਟੀ ਸਿਖ ਧਰਮ ਸੰਬੰਧੀ ਟ੍ਰੈਕਟ ਪ੍ਰਕਾਸ਼ਤ ਕਰਨ ਹਿਤ ਸ੍ਰੀ ਅੰਮ੍ਰਿਤਸਰ ਜੀ ਵਿਖੇ ਭਾਈ ਕੌਰ ਸਿੰਘ ਜੀ, ਭਾਈ ਸਾਹਿਬ ਵੀਰ ਸਿੰਘ ਜੀ ਆਦਿ ਬਾਨੀਆਂ ਦੀ ਹਿੰਮਤ ਨਾਲ ੧੮੯੪ ਈ: ਨੂੰ ਬਣੀ ਸੀ।

ਸ੍ਰੀ ਗੁਰੂ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਜੀ ਵਲ ਵੇਖ ਸਿਖਾਂ ਨੂੰ ਉਤਸ਼ਾਹ ਹੋਵਣ ਲਗਾ ਤੇ ੧੮੭੯ ਵਿਚ ਲਾਹੌਰ ਦੇ ਮੁਖੀਆਂ ਵਲੋਂ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਭੀ ਸਾਜੀ ਗਈ ਤੇ ੧੮੮੦ ਵਿਚ ਇਸ ਸਿਖ ਜਥੇਬੰਦੀ ਨੂੰ ਹੋਰ ਪਕਿਆਂ ਕਰਨ ਹਿਤ ਸ੍ਰੀ ਅੰਮ੍ਰਿਤਸਰ ਸਭਾ ਦੀ ਸ਼ਾਖ ਬਣਾ ਕੇ ਜਨਰਲ ਸਭਾ ਅੰਮ੍ਰਿਤਸਰ ਕਾਇਮ ਕੀਤੀ ਗਈ, ਜਿਸ

ਦਾ ਜ਼ਿਕਰ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਸਿਰਲੇਖ ਹੇਠ ਆਵੇਗਾ।

ਇਸ ਸਿੰਘ ਸਭਾ ਦੇ ਖਾਸ ਨਿਯਮ ਇਹ ਸਨ:—

(੧) ਤਮਾਮ ਸਿਖ ਭਾਈ ਅਤੇ ਖਾਲਸਾ ਜੀ ਨੂੰ ਸਿਖੀ ਧਰਮ ਦੇ ਨਾਲ ਪਿਆਰ ਰਖਣਾ।

(੨) ਇਸ ਸਰੇਸ਼ਟ ਧਰਮ ਦੇ ਨਿਯਮਾਂ ਨੂੰ ਪ੍ਰਗਟ ਕਰਨਾ ਅਤੇ ਥਾਂ ਪਰ ਥਾਂ ਇਸ ਸਰੇਸ਼ਟ ਧਰਮ ਦੀ ਚਰਚਾ ਕਰਨੀ।

(੩) ਜਿਨ੍ਹਾਂ ਪੋਥੀਆਂ ਕਿਤਾਬਾਂ ਵਿਚ ਇਸ ਧਰਮ ਦੀ ਵਡਿਆਈ ਤੇ ਭਲਿਆਈ ਪਾਈ ਜਾਂਦੀ ਹੈ, ਉਹਨਾਂ ਨੂੰ ਛਪਵਾਕੇ ਪ੍ਰਗਟ ਕਰਨਾ।

(੪) ਸੰਪ੍ਰਦਾਇ ਬਾਣੀ ਨੂੰ ਪ੍ਰਗਟ ਕਰਨਾ ਅਤੇ ਉਹਨਾਂ ਤਾਰੀਖੀ ਮਜ਼੍ਹਬੀ ਪੋਥੀਆਂ ਨੂੰ (ਜੈਸੇ ਜਨਮ ਸਾਖੀ ਅਤੇ ਗੁਰ-ਪ੍ਰਨਾਲੀ ਆਦਿਕ), ਜਿਨ੍ਹਾਂ ਵਿਚ ਕਿਸੀ ਤਰ੍ਹਾਂ ਦਾ ਕੁਝ ਸ਼ੰਸ਼ਾ ਹੈ, ਓਨਾਂ ਨੂੰ ਅਸਲੇ ਕਢਾਇਕੇ ਅੱਗਾ ਪਿਛਾ ਵੇਖ ਕੇ ਸੁਧ ਕਰਨਾ।

(੫) ਪੰਜਾਬੀ ਜਬਾਨ ਦਵਾਰਾ ਇਲਮ ਮੁਰੱਵਜੇ ਦੀ ਉੱਨਤੀ ਕਰਨੀ ਅਤੇ ਇਸ ਅਭਿਪ੍ਰਾਇ ਨਾਲ ਰਸਾਲੇ ਤੇ ਅਖਬਾਰਾਂ ਨਿਕਾਲਣੀਆਂ।

(੬) ਜੋ ਲੋਕ ਸਿਖੀ ਧਰਮ ਦੇ ਵਿਰੋਧੀ ਹਨ ਅਥਵਾ ਜਿਨ੍ਹਾਂ ਇਸ ਦੇ ਵਿਰੁਧ ਕੁਝ ਕਿਹਾ ਅਥਵਾ ਸੁਣਿਆ ਹੈ ਅਥਵਾ ਜੋ ਸਿਖ ਲੋਕ ਤਖਤਾਂ ਤੋਂ ਖਾਰਜ ਹਨ ਅਥਵਾ ਜਿਹੜੇ ਆਪਣਾ ਧਰਮ ਛਡ ਕੇ ਦੂਸਰੇ ਧਰਮ ਤੇ ਸੋਭਾ ਸਮਾਜ ਵਿਚ ਜਾ ਰਲੇ ਹੋਣ ਅਥਵਾ ਜਿਨ੍ਹਾਂ ਨੇ ਆਪਣੇ ਕੇਸਾਂ ਦੀ ਬੇਅਦਬੀ ਕਰਾਈ ਹੋਵੇ ਅਥਵਾ ਜੋ ਸਰਕਾਰ ਦੇ ਨਜ਼ਦੀਕ ਮੁਫਸਦ ਗਿਣੇ ਗਏ ਹੋਣ ਅਥਵਾ ਜੋ ਸੁਲਹ ਮਿਲਤ ਤ ਭਲਾਈ ਕੌਮ ਦੇ ਵਿਰੋਧੀ ਹੋਣ ਸਿੰਘ ਸਭਾ ਦੇ ਮੈਂਬਰ ਨਹੀਂ ਬਣ ਸਕਦੇ, ਮਗਰ ਜਦ ਇਹਨਾਂ ਵਿਚੋਂ ਕੋਈ ਪਿਛਲੀ ਕੀਤੀ ਤੋਂ ਤਨਖਾਹ ਲੁਆਵੇ ਤੇ ਅਤੇ ਸਭਾ ਦੀ ਰਾਇ ਹੋ ਜਾਵੇ ਤਾਂ ਮਿਲ ਸਕਦੇ ਹਨ।

(੭) ਵਡੇ ਮਰਤਬੇ ਵਾਲੇ ਅੰਗਰੇਜ਼ ਬਹਾਦਰ ਵਿਦਿਆ ਸ਼ਾਕ ਦੇ ਮੈਂਬਰ ਬਣ ਸਕਦੇ ਹਨ। ਹੋਰ ਕੌਮਾਂ ਦੇ ਪੰਥਾਂ ਦੇ ਲੋਕ ਵੀ ਇਸ ਸਭਾ ਦੇ ਮੈਂਬਰ ਤਦ ਬਣ ਸਕਦੇ ਹਨ ਜਦ ਪਕੀ ਤਰ੍ਹਾਂ ਮਲੂਮ ਹੋ ਜਾਵਣ ਜੋ ਉਹ ਸਿਖੀ ਧਰਮ ਤੇ ਪੰਜਾਬੀ ਜ਼ਬਾਨ ਦੇ ਖੈਰ ਖ੍ਵਾਹ ਹਨ।

(੮) ਕਿਸੀ ਦੂਸਰੇ ਮਤ ਦੇ ਵਿਰੁਧ ਕਹਿਣਾ ਸੁਣਨਾ ਅਥਵਾ ਲਿਖਣਾ ਸ੍ਰੀ ਗੁਰੂ ਸਿੰਘ ਸਭਾ ਦਾ ਕੰਮ ਨਹੀਂ।

(੯) ਸ੍ਰੀ ਗੁਰੂ ਸਿੰਘ ਸਭਾ ਵਿਚ ਕੋਈ ਬਾਤ ਸਰਕਾਰ ਦੇ ਤਲਕ ਨਹੀਂ ਕੀਤੀ ਜਾਵੇਗੀ।

(੧੦) ਖੈਰ ਖੁਆਹੀ ਕੌਮ ਫਰਮਾ ਬਰਦਾਰੀ ਸਰਕਾਰੀ ਸਿਖੀ ਧਰਮ ਨਾਲ ਪਿਆਰ ਅਤੇ ਉਨਤੀ ਕਰਣਾ ਵਿਦਿਆ ਦਾ ਪੰਜਾਬੀ ਜ਼ਬਾਨ ਦਵਾਰਾ ਅਤੇ ਮਸਲੇਹਤ ਉਮਦੀ ਹਰ ਬਾਤ ਵਿਚ ਲਿਹਾਜ਼ ਕਰਨਾ।

ਇਹ ਖਾਸ ਨਿਯਮ ਤੇ ਮੁਖ ਆਸ਼ੇ ਸਨ, ਜਿਨ੍ਹਾਂ ਨੂੰ ਲੈ ਕੇ ਸ੍ਰੀ ਗੁਰੂ ਸਿੰਘ ਸਭਾ ਲਹਿਰ ਚਲੀ ਸੀ ਤੇ ਪੂਰਾ ਕਰਨ ਹਿਤ ਸੇਵਕਾਂ ਨੇ ਕੋਈ ਕਸਰ ਨਹੀਂ ਛਡੀ ਸੀ। ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਹੀ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਰੂਹ ਸੀ ਤੇ ਇਸ ਦੇ ਕਾਰਜ ਹੀ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਮਿਥੇ ਜਾਂਦੇ ਸਨ।

ਸ੍ਰੀ ਗੁਰੂ ਸਿੰਘ ਸਭਾ ਲਾਹੌਰ

ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਕਾਇਮ ਹੋਣ ਉਪਰੰਤ ਕੁਝ ਜਾਗਰਤਾ ਆਉਣੀ ਸ਼ੁਰੂ ਹੋਈ। ਮਾਤ ਭਾਸ਼ਾ ਪੰਜਾਬੀ ਦੀ ਸਾਰ ਸਿਖਾਂ ਹੀ ਮੁੜ ਲਈ ਤੇ ਪੰਜਾਬ ਯੂਨੀਵਰਸਿਟੀ ਵਲੋਂ ਖੁਲ੍ਹੇ ਓਰੀਐਂਟਲ ਕਾਲਜ ਲਾਹੌਰ ਵਿਚ ਬੜਾ ਜ਼ੋਰ ਲਾ ਕੇ ਸੰਨ ੧੮੭੨ ਨੂੰ ਪੰਜਾਬੀ ਦਾ ਪੜ੍ਹਾਉਣਾ ਭੀ ਸ਼ੁਰੂ ਹੋਇਆ। ਇਹ ਸੇਵਾ ਭਾਈ ਹਰਸਾ ਸਿੰਘ ਜੀ* ਜੋ ਦਰਬਾਰ

*ਆਪ ਦਾ ਜਨਮ ਤਰਨ ਤਾਰਨ ਵਿਚ ਹੋਇਆ। ਆਪ ਜੀ ਦੇ ਪਿਤਾ ਭਾਈ ਨਥਾ ਸਿੰਘ ਜੀ ਭੀ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਦੀ ਹੀ ਸੇਵਾ ਕਰਦੇ ਸਨ। ਆਪ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰਮਤ ਗ੍ਰੰਥ ਤੇ ਗੁਟਕੇ ਲਿਖਣ ਵਿਚ ਵਡੇ ਯੋਗਯ ਸਨ। ਛੋਲਿਆਂ ਦੇ ਦਾਣੇ ਤੇ ਆਪ ਅਜੇਹੀ ਸੋਹਣੀ ਪੈਂਤੀ ਲਿਖਦੇ ਸਨ ਜੋ ਵਡੇ ਵਡੇ ਮਹਾਰਾਜੇ ਸ਼ੌਕ ਨਾਲ ਵੇਖਦੇ ਤੇ ਪ੍ਰਸੰਨ ਹੁੰਦੇ ਸਨ। ਆਪ ਪੰਜਾਹ ਕੁ ਸਾਲ ਦੀ ਉਮਰ ਵਿਚ ਲਾਹੌਰ ਅਕਾਲ ਚਲਾਣਾ ਕਰ ਗਏ।

ਸਾਹਬ ਸ੍ਰੀ ਤਰਨ ਤਾਰਨ ਦੇ ਗ੍ਰੰਥੀ ਸਨ, ਦੇ ਸਪੁਰਦ ਹੋਈ ਤੇ ਓਰੀਐਂਟਲ ਕਾਲਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਭੀ ਸ਼ੁਰੂ ਹੋਇਆ। ਪ੍ਰੋਫੈਸਰ ਗੁਰਮੁਖ ਸਿੰਘ ਜੀ, ਜੋ ਓਰੀਐਂਟਲ ਕਾਲਜ ਵਿਚ ਸਨ, ਨੇ ਭਾਈ ਹਰਸਾ ਸਿੰਘ ਜੀ ਨੂੰ ਲਾਹੌਰ ਦੇ ਮੁਖੀਆਂ ਨਾਲ ਰਲਾ ਕੇ ਵਿਦਯਾ ਤੇ ਧਰਮ ਪਰਚਾਰ ਲਈ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ। ਇਸ ਸਭਾ ਦਾ ਪਹਿਲਾ ਜਲਸਾ ੨ ਨਵੰਬਰ ੧੮੭੯ ਨੂੰ ਹੋਇਆ ਤੇ ਹਰ ਐਤਵਾਰ ਸਭਾ ਲਗਣੀ ਮੁਕਰੱਰ ਹੋਈ।

ਜਿਥੇ ਸਭਾ ਦੇ ਮੈਂਬਰਾਂ ਨੇ ਸਿੱਖਾਂ ਨੂੰ ਆਪਣੀ ਸੰਤਾਨ ਨੂੰ ਗੁਰਮੁਖੀ ਵਿਦਯਾ ਪੜ੍ਹਾਉਣ ਲਈ ਉਤਸ਼ਾਹਤ ਕੀਤਾ, ਉਥੇ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਲਾਹੌਰ ਦੇ ਪਵਿਤ੍ਰ ਗੁਰਦਵਾਰੇ ਵਿਚ ਭੀ ਆਸਾ ਦੀ ਵਾਰ ਦਾ ਕੀਰਤਨ ਕਰਵਾਉਣਾ ਸ਼ੁਰੂ ਕਰ ਕੇ ਗੁਰਦਵਾਰੇ ਵਿਚ ਰੌਣਕ ਕਰਵਾਈ। ਭਾਈ ਗੁਰਮੁਖ ਸਿੰਘ ਜੀ ਦੀ ਹਿੰਮਤ ਨਾਲ ਬਾਬਾ ਖੇਮ ਸਿੰਘ ਜੀ, ਸਰਦਾਰ ਅਤਰ ਸਿੰਘ ਜੀ ਭਦੌੜ, ਸਰਦਾਰ ਜਗਤ ਸਿੰਘ ਜੀ ਵਕੀਲ, ਰਾਜਾ ਸਾਹਿਬ ਨਾਭਾ, ਦੀਵਾਨ ਬੂਟਾ ਸਿੰਘ ਜੀ, ਸਰਦਾਰ ਮੀਹਾਂ ਸਿੰਘ ਜੀ, ਸਰਦਾਰ ਠਾਕਰ ਸਿੰਘ ਜੀ ਸੰਧਾਂਵਾਲੀਏ ਆਦਿ ਬਥੇਰੇ ਪ੍ਰਤਿਸ਼ਟ ਸਜਣ ਇਸ ਸਭਾ ਦੇ ਮੈਂਬਰ ਬਣੇ ਤੇ ਸਭਾ ਦੀ ਮਾਇਕ ਹਾਲਤ ਭੀ ਚੰਗੀ ਹੁੰਦੀ ਗਈ। ਇਸ ਸਭਾ ਦਾ ਸ਼ੁਰੂ ਤੋਂ ਬੰਦੋਬਸਤ ਕਰਨ ਲਈ ਦੀਵਾਨ ਬੂਟਾ ਸਿੰਘ ਜੀ ਦੀ ਪ੍ਰਧਾਨਗੀ ਤੇ ਭਾਈ ਗੁਰਮੁਖ ਸਿੰਘ ਜੀ ਦੀ ਸਕੱਤਰੀ ਨਾਲ ਭਾਈ ਹਰਸਾ ਸਿੰਘ ਜੀ, ਭਾਈ ਰਾਮ ਸਿੰਘ ਜੀ ਤੇ ਸਰਦਾਰ ਕਰਮ ਸਿੰਘ ਜੀ ਦੀ ਕਮੇਟੀ ਬਣਾਈ ਗਈ ਤੇ ਸ਼ਾਨਦਾਰ ਕੰਮ ਸ਼ੁਰੂ ਹੋਇਆ। ਇਸ ਵੇਲੇ ਸਭਾ ਦੇ ਦੋ ਵਡੇ ਮਨੋਰਥ ਇਹ ਸਨ:–

੧. ਧਰਮ–ਜਿਸ ਵਿਚ ਆਸਾ ਦੀ ਵਾਰ, ਸ਼ਬਦਾਂ ਦਾ ਪੜ੍ਹਨਾ, ਪੜ੍ਹਾਉਣਾ, ਛਪਵਾਉਣਾ, ਵੰਡਣਾ, ਕੀਰਤਨ ਭਜਨ ਕਰਨਾ।

੨. ਵਿਦਿਆ–ਜਿਸ ਵਿਚ ਅਸਕੂਲ ਖੜੇ ਕਰਨੇ ਤੇ ਰਿਸਾਲੇ ਨਿਕਾਲਣੇ ਤੇ ਗੁਰਮੁਖੀ ਅਖਬਾਰ ਕਢਣੀ।

ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੂੰ ਹੋਰ ਮਜਬੂਤ ਕਰਨ ਲਈ ਇਹ ਵਿਚਾਰ ਹੋਈ ਜੋ ਸਭਾ ਲਾਹੌਰ ਨੂੰ ਭੀ ਅੰਮ੍ਰਿਤਸਰ ਵਾਲੀ ਸਭਾ ਨਾਲ ਸੰਬੰਧਤ ਕੀਤਾ ਜਾਵੇ । ਦਸੰਬਰ ਵਿਚ ਹੀ ਇਸ ਸੰਬੰਧੀ ਲਿਖਾ ਪੜ੍ਹੀ ਸ਼ੁਰੂ ਹੋ ਗਈ। ਆਖਰ ੬ ਅਪਰੈਲ ੧੮੮੦ ਨੂੰ ਇਕ ਖਤ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਜੀ ਵਲੋਂ ਲਾਹੌਰ ਦੀ ਸਭਾ ਦੇ ਨਾਮ ਭੇਜਿਆ ਗਿਆ ਕਿ ਇਸੇ ਵਿਚਾਰ ਲਈ ੧੦ ਅਪਰੈਲ ਨੂੰ ਅੰਮ੍ਰਿਤਸਰ ਦੇ ਜਲਸੇ ਵਿਚ ਭਾਈ ਗੁਰਮੁਖ ਸਿੰਘ ਜੀ ਦੇ ਨਾਲ ਦਸ ਮੈਂਬਰ ਸਭਾ ਲਾਹੌਰ ਦੇ ਆ ਜਾਵਣ ਜਿਸ ਅਨੁਸਾਰ ਇਹ ਸਜਣ ੧੦ ਅਪਰੈਲ ਦੇ ਅੰਮ੍ਰਿਤਸਰ ਦੇ ਜਲਸੇ ਵਿਚ ਸ਼ਾਮਲ ਹੋਏ ਤੇ ੧੧ ਅਪਰੈਲ ੧੮੮੦ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਸ੍ਰੀ ਗੁਰੂ ਸਿੰਘ ਸਭਾ ਜਨਰਲ ਅੰਮ੍ਰਿਤਸਰ ਦੀ ਸ਼ਾਖ ਬਣਾਈ ਗਈ ਤੇ ਇਹ ਭੀ ਫੈਸਲਾ ਹੋਇਆ ਜੋ ਸ੍ਰੀ ਗੁਰੂ ਸਿੰਘ ਸਭਾ ਜਨਰਲ ਉਹ ਸਭਾ ਹੋਵੇਗੀ ਜਿਸ ਵਿਚ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ, ਲਾਹੌਰ ਅਤੇ ਹੋਰਨਾਂ ਜਗ੍ਹਾਂ ਦੀਆਂ ਸਭਾਵਾਂ ਦੇ ਮੈਂਬਰ ਮੁਕੱਰਰ ਹੋਵਣਗੇ। ਇਸ ਜਨਰਲ ਸਭਾ ਦੀ ਕਾਰਵਾਈ ਦੇ ਭੁਗਤਾਉਣ ਵਾਸਤੇ ਇਕ ਕਮੇਟੀ ਬਣਾਈ ਜਾਵੇਗੀ ਜੋ ਤਿੰਨਾਂ ਮਹੀਨਿਆਂ ਪਿਛੋਂ ਦੋਨੋਂ (ਅੰਮ੍ਰਿਤਸਰ ਤੇ ਲਾਹੌਰ ਦੀਆਂ) ਸਭਾਂ ਦੀ ਕਾਰਰਵਾਈ ਦੀ ਪੜਤਾਲ ਕਰੇ ਤੇ ਤਿੰਨਾਂ ਮਹੀਨਿਆਂ ਲਈ ਅਗੇ ਕੰਮ ਸਪੁਰਦ ਕਰੇਗੀ । ਇਸ ਤਰ੍ਹਾਂ ਸਭਾ ਦੀ ਜਥੇਬੰਦੀ ਕਰਨ ਸੰਬੰਧੀ ਫੈਸਲਾ ਹੋਇਆ ।

ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਨਿਯਮ ਭੀ ਉਹੀ ਬਣਾਏ ਗਏ ਜੋ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਸਨ, ਜੋ ਪਿਛੇ ਦਸੇ ਜਾ ਚੁਕ ਹਨ।

ਇਸ ਤਰ੍ਹਾਂ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਬਣਾਈ ਗਈ ਤੇ ਜ਼ੋਰ ਸ਼ੋਰ ਨਾਲ ਆਪਣੇ ਮਨੋਰਥਾਂ ਨੂੰ ਪੂਰਾ ਕਰਨ ਲਈ ਕੰਮ ਸ਼ੁਰੂ ਕੀਤਾ ਗਿਆ । ਪਹਿਲੇ ਇਸ ਸਭਾ ਵਲੋਂ ੨੭ ਕਤਕ ਸੰਮਤ ੧੯੩੭ ਮੁਤਾਬਕ ੧੦ ਨਵੰਬਰ ੧੮੮੦ ਦਿਨ ਬੁਧਵਾਰ ਨੂੰ ਇਕ ਹਫਤਾ

'ਗੁਰਮੁਖੀ ਅਖਬਾਰ'* ਪੰਜਾਬੀ ਦੇ ਵਾਧੇ ਲਈ ਕਢਿਆ; ਪਰ ਉਹਦਾ ਬਾਹਲਾ ਹਿੱਸਾ ਖਬਰਾਂ ਵਿਚ ਹੀ ਵਰਤਿਆ ਜਾਣ ਲਗਾ। ਦੂਸਰੇ ਇਹ ਅਨੁਭਵ ਕਰ ਕੇ ਕਿ ਅਖਬਾਰ ਨੂੰ ਜੇਕਰ ਕੋਈ ਪੁਸਤਕ ਬਣਾ ਕੇ ਰਖਣਾ ਚਾਹੇ ਤਾਂ ਨਹੀਂ ਬਣਦਾ, ਇਸ ਵਾਸਤੇ ਰਸਾਲਾ ਕਢਣ ਦੀ ਲੋੜ ਪਈ। ਸੋ ਸਿੰਘ ਸਭਾ ਵਲੋਂ ਮਾਸਕ ਪਤ੍ਰ 'ਵਿਦਜਾਰਕ' ਭਾਈ ਗੁਰਮੁਖ ਸਿੰਘ ਜੀ ਦੀ ਐਡੀਟਰੀ ਹੇਠ ਹੀ ਅਸੂ ਸੰਮਤ ੧੯੩੮ ਅਥਵਾ ਈ: ੧੮੮੧ ਤੋਂ ਸ਼ੁਰੂ ਹੋਇਆ। ਹੇਠ ਲਿਖੇ ਛੇ ਮੰਤਵ ਇਸ ਮਾਸਕ ਪੱਤ੍ਰ ਦੇ ਸਨ। ਪਹਿਲੇ ਦੋ ਜ਼ਰੂਰੀ ਸਨ:-

ਜ਼ਰੂਰੀ	੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ। ੨. ਸ੍ਰੀ ਗੁਰੂ ਖਾਲਸੇ ਜੀ ਦਾ ਇਤਿਹਾਸ ਤਥਾ ਦਸਾਂ ਪਾਤਸ਼ਾਹੀਆਂ ਦਾ ਜੀਵਨ ਬ੍ਰਿਤਾਂਤ।
ਇਹਨਾਂ ਵਿਚੋਂ ਮਜ਼ਮੂਨ ਅਨੁਸਾਰ ਇਕ, ਦੋ ਅਥਵਾ ਵਧੀਕ	੩. ਸਿਖੀ ਧਰਮ ਦੀਆਂ ਰੀਤੀਆਂ ਦਾ ਵਿਧਾਨ ਅਤੇ ਨਿਰੂਪਣ ਖੋਲ੍ਹ ੨ ਕੀਤਾ ਜਾਊ। ੪. ਵਿਦਿਆ ਸੰਬੰਧੀ ਖਬਰਾਂ। ੫. ਸੁਧਾਰਕ ਅਤੇ ਵਜਹਾਰਕ ਸਿਖਿਆ। ੬. ਪੁਸਤਕਾਂ ਦੇ ਰੀਵੀਊ।

ਫੇਰ 'ਖ਼ਾਲਸਾ ਗਜ਼ਟ' ਅਖ਼ਬਾਰ ਲਾਹੌਰ ਤੋਂ ਉਰਦੂ ਵਿਚ ਭਾਈ ਮਈਆ ਸਿੰਘ ਜੀ ਦੀ ਐਡੀਟਰੀ ਹੇਠ ਜਾਰੀ ਕੀਤਾ ਗਿਆ ਸੀ। ਹਰ ਹਫ਼ਤੇ ਗੁਰਦਵਾਰਿਆਂ ਵਿਚ ਸ਼ਬਦ ਕੀਰਤਨ ਹੁੰਦੇ ਰਹੇ ਤੇ ਸਾਲਾਨਾ ਜੋੜ ਮੇਲ ਭੀ। ਸਰਦਾਰ ਮੇਹਰ ਸਿੰਘ ਜੀ ਚਾਵਲਾ ਤੇ

---

*ਇਹ ਅਖਬਾਰ ਫੇਰ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਨੂੰ ਦੇ ਦਿਤਾ ਗਇਆ ਸੀ, ਜੋ ਫੇਰ ਓਥੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ। ਕਾਫ਼ੀ ਸਮਾਂ ਪ੍ਰਕਾਸ਼ਤ ਹੁੰਦਾ ਰਿਹਾ ਤੇ ਫੇਰ ਬੰਦ ਹੋ ਗਿਆ; ਪਰ ਖਾਲਸਾ ਦੀਵਾਨ ਅੰਮ੍ਰਿਤਸਰ ਦੀ ਸੇਵਾ ਕਰਨ ਖਾਤ੍ਰ ਭਾਈ ਅਵਤਾਰ ਸਿੰਘ ਜੀ ਦੀ ਐਡੀਟਰੀ ਹੇਠ ਦਸ-ਰੋਜ਼ਾ ਹੋ ੧ ਵੈਸਾਖ ੧੮੯੩ ਨੂੰ ਸ਼ੁਰੂ ਹੋਇਆ।

ਹੋਰ ਸਜਣ ਭੀ ਇਸ ਸਭਾ ਵਿਚ ਰਲਦੇ ਗਏ; ਪਰ ਖ਼ਾਲਸਾ ਦੀਵਾਨ ਅੰਮ੍ਰਿਤਸਰ ਵਿਚ ਨਿਫਾਕ ਹੋ ਜਾਣ ਉਪਰੰਤ ਇਹ ਸਭਾ ਖ਼ਾਲਸਾ ਦੀਵਾਨ ਲਾਹੌਰ ਦੇ ਨਾਲ ਸੰਬੰਧਤ ਹੋਈ। ਇਸ ਸਭਾ ਦੇ ਸਾਰੇ ਕੰਮ ਖ਼ਾਲਸਾ ਦੀਵਾਨ ਨਾਲ ਸਾਂਝੇ ਹੋਣ ਉਪਰੰਤ ਭੀ ਇਹ ਦਿਨ ਦੂਣੀ ਤੇ ਰਾਤ ਚੌਣੀ ਤਰੱਕੀ ਕਰਦੀ ਗਈ। ਸ਼ਬਦ ਕੀਰਤਨ ਤੇ ਨਿਤਨੇਮ ਦੇ ਅਗਿਣਤ ਗੁਟਕੇ ਛਾਪ ਕੇ ਮੁਫ਼ਤ ਵੰਡੀਦੇ ਰਹੇ। ੧੮੮੭ ਵਿਚ ਗੁਰਮੁਖੀ ਦਾ ਟਾਈਪ ਤਿਆਰ ਕਰਵਾਣ ਲਈ ਉਤਸ਼ਾਹਤ ਕਰ ਲਾਲਾ ਹੀਰਾ ਨੰਦ ਤੋਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ਤ ਕਰਵਾਉਣਾ ਇਸੇ ਸਭਾ ਦੀ ਹਿੰਮਤ ਸੀ। ਲਾਹੌਰ ਵਿਚ ਸਿਖ ਲੜਕਿਆਂ ਦੀ ਤਕਲੀਫ ਨੂੰ ਮਹਿਸੂਸ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੋਰਡਿੰਗ ਹਾਊਸ ਖੋਲ੍ਹਿਆ ਗਿਆ, ਜੋ ੯-੧੦ ਵਰ੍ਹੇ ਕਾਇਮ ਰਿਹਾ। ਲਾਹੌਰ ਵਿਖੇ ਸਿਖ ਕੰਨਿਆਂ ਪਾਠਸ਼ਾਲਾ ਤ ਖਾਲਸਾ ਸਕੂਲ ਇਹਨਾਂ ਸੇਵਕਾਂ ਦੀਆਂ ਅਜ ਤਕ ਯਾਦਗਾਰਾਂ ਹਨ। ਗੁਰਦਵਾਰਿਆਂ ਦੀਆਂ ਮੁਰੰਮਤਾਂ ਕਰਵਾ ਕੇ ਅਲੋਪ ਹੋਏ ਗੁਰਦਵਾਰੇ ਖੋਜ ਕੇ ਇਹਨਾਂ ਵਲੋਂ ਪ੍ਰਸਿਧਤਾ ਵਿਚ ਲਿਆਂਦੇ ਗਏ।

ਇਤਨੇ ਕੰਮ ਕਰਦਿਆਂ ਭੀ ਸੇਵਕਾਂ ਵਿਚ ਮਤ ਭੇਦ ਹੋ ਗਿਆ, ਜੋ 'ਖਾਲਸਾ ਕਾਲਜ ਅੰਮ੍ਰਿਤਸਰ ਬਣੇ ਜਾਂ ਲਾਹੌਰ' ਦੇ ਝਗੜੇ ਸਮੇਂ ਚੋਟੀ ਤੇ ਪੁਜ ਗਿਆ ਤੇ ਇਸ ਸਭਾ ਦੇ ਦੋ ਹਿੱਸੇ ਹੋ ਗਏ, ਇਕ ਦਾ ਨਾਉਂ ਸ੍ਰੀ ਗੁਰੂ ਸਿੰਘ ਸਭਾ ਤੇ ਦੂਸਰੀ ਦਾ ਨਾਮ ਸ੍ਰੀ ਗੁਰੂ ਹਿਤਕਾਰਨੀ ਸਿੰਘ ਸਭਾ ਹੋਇਆ ਤੇ ਦੋਨੋਂ ਆਪੋ ਆਪਣੀ ਥਾਂ ਝਗੜਦੀਆਂ ਹੋਈਆਂ ਭੀ ਵਿਤੋਂ ਵਧ ਖਾਲਸਾ ਪੰਥ ਦੀ ਸੇਵਾ ਕਰਦੀਆਂ ਰਹੀਆਂ ਤੇ ਸਭ ਤੋਂ ਵਧ ਸਿਖ ਪੰਥ ਨੂੰ ਅਨਮਤੀਆਂ ਤੇ ਖਾਸ ਕਰ ਆਰੀਆ ਸਮਾਜੀਆਂ ਦੇ ਹਮਲਿਆਂ ਤੋਂ ਬਚਾਉਣ ਲਈ ਢਾਲ ਦਾ ਕੰਮ ਦਿੰਦੀਆਂ ਰਹੀਆਂ।

ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਜੀ

ਸ੍ਰੀ ਅੰਮ੍ਰਿਤਸਰ ਜੀ ਤੇ ਲਾਹੌਰ ਦੀਆਂ ਸਿੰਘ ਸਭਾਵਾਂ ਬਣਨ ਤੋਂ ਪਿਛੋਂ ਦੋਨਾਂ ਦਾ ਇਕੱਠਾ ਨਾਉਂ ਜਨਰਲ ਸਭਾ ਹੋਣ ਦਾ ਹਾਲ ਪਿਛੇ ਦਸਿਆ

ਗਿਆ ਹੈ। ਇਸ ਜਨਰਲ ਸਭਾ ਵਲੋਂ ਨਵੰਬਰ ੧੮੯੦ ਨੂੰ ਵਾਈਸਰਾਏ ਨੂੰ ਲਾਹੌਰ ਵਿਖੇ ਐਡਰੈਸ ਭੀ ਦਿਤਾ ਗਿਆ। ਸ: ਗੁਰਮੁਖ ਸਿੰਘ ਜੀ ਨੇ ਆਪਣੀ ਜੀਵਨੀ ਧਰਮ ਅਰਥ ਤੇ ਪੰਥ ਸੇਵਾ ਲਈ ਅਰਪਣ ਕਰ ਥਾਂ ਥਾਂ ਫਿਰ ਕੇ ਸਿੰਘ ਸਭਾਵਾਂ ਬਣਾਉਣੀਆਂ ਸ਼ੁਰੂ ਕੀਤੀਆਂ। ਬੜੇ ੨ ਕਸ਼ਟ ਝਲਣੇ ਪਏ; ਪਰ ਕਲਗੀਆਂ ਵਾਲੇ ਦਾ ਸ਼ੇਰ ਸਾਰੀਆਂ ਔਕੜਾਂ ਨੂੰ ਲੰਘਦਾ ਅਗਾਂਹ ਹੀ ਅਗਾਂਹ ਗਿਆ। ਦੋਨੋਂ ਸਭਾਵਾਂ ਭੀ ਮਿਲ ਕੇ ਕੰਮ ਕਰਦੀਆਂ ਰਹੀਆਂ। ੧੮੯੧ ਅੰਦਰ ਵਿਸਾਖੀ ਦੇ ਮੇਲੇ ਪਰ ਸਿੰਘ ਸਭਾ ਲਾਹੌਰ ਵਲੋਂ ਵਿਦਯਾ ਪ੍ਰਚਾਰ ਵਾਸਤੇ ਸਕੂਲ ਖੋਲ੍ਹਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਪ੍ਰਕਾਸ਼ਤ ਕਰਨ ਲਈ ਸਿਖ ਮੁਖੀਆਂ ਨੂੰ ਪ੍ਰੇਰਿਆ ਗਿਆ।

✓ ਸੰਨ ੧੮੯੨ ਵਿਚ ਪੰਜਾਬੀ ਜ਼ਬਾਨ ਗੁਰਮੁਖੀ ਅਖਰੀਂ ਪਿੰਡਾਂ ਦੀ ਪੜ੍ਹਾਈ ਵਾਸਤੇ ਖਾਲਸੇ ਜੀ ਦੀ ਤਰਫੋਂ ਹਜ਼ਾਰਾਂ ਦਸਤਖਤ ਹੋਏ ਸਨ ਤੇ ਰਿਆਸਤਾਂ ਦੇ ਸਿੰਘਾਂ ਦੀ ਤਰਫੋਂ ਭੀ ਸੰਮਤੀ ਗਈ ਸੀ ਤੇ ਏਸੇ ਕੰਮ ਲਈ ਸੰਮਤ ਨਾਨਕ ਸ਼ਾਹੀ ੪੧੩ ਸਾਵਣ ਸੁਦੀ ੧੫ (੧੮੯੨) ਨੂੰ ਇਕ ਧੰਨਵਾਦ ਪੱਤ੍ਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੇ ਖਾਲਸੇ ਦੀ ਤਰਫੋਂ ਮਿ. ਹੰਟਰ ਪ੍ਰੈਜ਼ੀਡੈਂਟ ਐਜੂਕੇਸ਼ਨਲ ਕਮਿਸ਼ਨ ਸ਼ਿਮਲਾ ਨੂੰ ਲਿਖ ਕੇ ਦਿਤਾ ਗਿਆ ਸੀ, ਜਿਸ ਨਾਲ ਗੁਰਮੁਖੀ ਵਲ ਵੀ ਕੁਝ ਰਹੁ ਹੋਣ ਲਗਾ।

ਸੰਨ ੧੮੯੩ ਅੰਦਰ ਥਾਂ ਥਾਂ ਸਿੰਘ ਸਭਾਵਾਂ ਕਾਇਮ ਹੋ ਗਈਆਂ ਅਤੇ ਇਕ ਕੇਂਦਰੀ ਜਥੇਬੰਦੀ ਦੀ ਲੋੜ ਪਈ। ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੀ ਵਿਸ਼ੇਸ਼ਤਾ ਤੇ ਪਹਿਲੀ ਸਿੰਘ ਸਭਾ ਭੀ ਏਥੋਂ ਹੀ ਹੋਵਣ ਕਾਰਣ ਖ਼ਾਲਸਾ ਦੀਵਾਨ, 'ਜੋ ਬਹੁਤੀਆਂ ਸਭਾਵਾਂ ਦੇ ਮਜਮੂਏ ਦਾ ਨਾਮ ਸੀ', ਅੰਮ੍ਰਿਤਸਰ ਬਣਾਇਆ ਗਿਆ।

ਸਭ ਰਈਸਾਂ ਸਰਦਾਰਾਂ ਦੀ ਸਲਾਹ ਨਾਲ ਇਕ ਐਡਰੈੱਸ ਅਰਥਾਤ ਧੰਨਵਾਦ ਪਤ੍ਰ ਪੰਜਾਬ ਦੇ ਲਾਟ ਨੂੰ ਦਿਤਾ ਗਿਆ, ਜਿਸ ਵਿਚ ਸਲਾਹਿ ਕਾਇਮੀ ਕਾਲਜ ਅਤੇ ਹੋਰ ਕਈ ਤਰ੍ਹਾਂ ਦੀਆਂ ਜ਼ਰੂਰੀ ਖਾਹਿਸ਼ਾਂ

ਅਰਜ਼ ਕੀਤੀਆਂ ਗਈਆਂ ਸਨ। ਅਤੇ ਉਸੇ ਦਿਨ ਤੋਂ ਪੰਜਾਬ ਦੇ ਲਾਟ ਤੇ ਰਾਜਾ ਬਿਕ੍ਰਮ ਸਿੰਘ ਜੀ ਵਾਲੀਏ ਫ਼ਰੀਦ ਕੋਟ ਸਰਪ੍ਰਸਤੀ ਖਾਲਸਾ ਦੀਵਾਨ ਅਤੇ ਬਾਬਾ ਖੇਮ ਸਿੰਘ ਜੀ ਬੇਦੀ ਨੇ ਪ੍ਰੈਜ਼ੀਡੰਟੀ ਖਾਲਸਾ ਦੀਵਾਨ ਦੀ ਮਨਜ਼ੂਰ ਫੁਰਮਾਈ ਅਤੇ ਖਾਲਸਾ ਦੀਵਾਲ ਉਸੇ ਦਿਨ ਤੋਂ ਪ੍ਰਸਿਧ ਹੋਇਆ। ਚੀਫ ਸਕੱਤ੍ਰ ਭਾਈ ਗੁਰਮੁਖ ਸਿੰਘ ਜੀ ਨੀਯਤ ਹੋਏ ਅਤੇ ਹਰ ਸ਼ਸ਼ਮਾਹੀ, ਵਿਸਾਖੀ ਤੇ ਦੀਵਾਲੀ ਨੂੰ ਸ੍ਰੀ ਅੰਮ੍ਰਿਤਸਰ ਜੀ ਵਿਚ ਜੋੜ ਮੇਲ ਕਰਨ ਦੀ ਬੁਨਿਆਦ ਰੱਖੀ ਗਈ।

ਥੋੜੇ ਚਿਰ ਪਿਛੋਂ ਹਰ ਇਕ ਸੀਗੇ ਦੇ ਮੰਤ੍ਰੀਆਂ ਦੀ ਕਮੇਟੀ ਬਣਾਈ ਗਈ—ਜੈਸਾ ਕਿ ਦੋ ਧਰਮ ਸਕੱਤ੍ਰ ਅਰਥਾਤ ਮਜ਼ੁਬੀ ਕਾਰਰਵਾਈ ਦੇ ਮੰਤ੍ਰੀ, ਦੋ ਪ੍ਰੈਸ ਸਕੱਤ੍ਰ, ਦੋ ਵਿਦਿਆ ਸਕੱਤ੍ਰ, ਦੋ ਖਜ਼ਾਨੇ ਦੇ ਮੰਤ੍ਰੀ, ਦੋ ਰਿਆਸਤਾਂ ਨਾਲ ਲਿਖਤ ਪੜ੍ਹਤ ਕਰਨ ਵਾਲੇ ਮੰਤ੍ਰੀ ਤੇ ਦੋ ਚੀਫ ਸਕੱਤ੍ਰ ਅਰਥਾਤ ਹਰ ਇਕ ਸਿੰਘ ਸਭਾ ਦੀ ਕਾਰਰਵਾਈ ਦੇ ਨਿਗਰਾਨ ਅਤੇ ਜ਼ਿੰਮੇਵਾਰ ਬਣਾਏ ਗਏ।

ਸੰਮਤ ੪੧੪ ਨਾਨਕ ਸ਼ਾਹੀ ਬਸੰਤ ਪੰਚਮੀ ਨੂੰ ਇਕੱਤ੍ਰਤਾ ਹੋ ਇਹ ਤਜਵੀਜ਼ ਹੋਈ ਕਿ ਸਿੰਘ ਸਭਾ ਦੇ ਨਿਯਮ ਅਤੇ ਮਨੋਰਥਾਂ ਦਾ ਮਸੌਦਾ ਹੋਰ ਤਿਆਰ ਕਰ ਕੇ ਅਤੇ ਛਾਪ ਕੇ ਹਰ ਇਕ ਸਭਾ ਵਿਚ ਵਾਸਤੇ ਸੰਮਤੀ ਦੇ ਭੇਜਿਆ ਜਾਵੇ ਅਤੇ ਮਸੌਦਾ ਬਣਾ ਕੇ ਪੇਸ਼ ਕਰਨ ਦੀ ਭਾਈ ਗੁਰਮੁਖ ਸਿੰਘ ਜੀ ਨੂੰ ਇਜਾਜ਼ਤ ਹੋਈ। ਇਹ ਤਿਆਰ ਹੋ ਕੇ ਦੀਵਾਨ ਵਿਚ ਪੇਸ਼ ਹੋਇਆ; ਪਰ ਕਈ ਕਾਰਨਾਂ ਕਰ ਕੇ ਵਧੇਰੇ ਪ੍ਰਚਲਤ ਨਾ ਹੋਇਆ।

ਉਤਲੇ ਫੈਸਲੇ ਅਨੁਸਾਰ ਖਾਲਸਾ ਦੀਵਾਨ ਅੰਮ੍ਰਿਤਸਰ ੧੮੮੬ ਤਕ ਬੜੀ ਸੋਹਣੀ ਤਰ੍ਹਾਂ ਚਲਦਾ ਗਿਆ ਤੇ ਹਰ ਵਿਸਾਖੀ ਤੇ ਦੀਵਾਲੀ ਤੇ ਸਾਰੀਆਂ ਸਿੰਘ ਸਭਾਂ ਦੇ ਪ੍ਰਤੀਨਿਧ ਇਕੱਤ੍ਰ ਹੋ ਪੰਥ ਦੇ ਵਾਧੇ ਹਿਤ ਵਿਚਾਰ ਕਰਦੇ ਰਹੇ। ਸ੍ਰੀ ਅਕਾਲ ਤਖਤ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਸਰਬਰਾਹ ਇਹਨਾਂ ਨਾਲ ਹੋਵਣ ਕਾਰਨ ਖਾਲਸਾ ਦੀਵਾਨ ਦੇ ਹਕ ਵਿਚ ਹੁਕਮਨਾਮੇ ਭੀ ਨਿਕਲ ਗਏ ਤੇ ਇਹ ਪ੍ਰਸਿਧ ਥਾਵਾਂ ਇਸ ਦੀਵਾਨ ਦੇ ਅੰਤ ਤਕ ਇਸ ਦੀ ਸਹਾਇਤਾ ਤੇ ਰਹੀਆਂ; ਪਰ ਇਸ

ਦੀਵਾਨ ਵਿਚ ਹਿੰਦੂ ਸੰਸਕਾਰਾਂ ਵਾਲੇ ਕੁਝ ਕੁ ਮੋਢੀ ਹੋਵਣ ਕਾਰਨ ਸਿਖ ਕੌਮ ਨੂੰ ਛੂਤ ਛਾਤ ਤੇ ਹੋਰ ਨਵੇਂ ਪਏ ਹਿੰਦੂ ਭਰਮਾਂ ਤੋਂ ਬਚਾਉਣ ਵਿਚ ਇਹ ਦੀਵਾਨ ਵਧੇਰਾ ਉਪ੍ਰਾਲਾ ਨਾ ਕਰ ਸਕਿਆ, ਸਗੋਂ ਜਿਸ ਹੋਰ ਕਿਸੇ ਭੀ ਮਦਦ ਕੀਤੀ, ਉਸ ਨੂੰ ਗੁਰਦਵਾਰਿਆਂ ਤੇ ਤਖ਼ਤਾਂ 'ਚੋਂ ਤਨਖ਼ਾਹੀਆ ਕਰਾਰ ਦਿਵਾ ਖਾਲਸੇ ਨੂੰ ਨਿਰੋਲ ਖਾਲਸਾ ਕਰਨ ਦੀ ਹਿੰਮਤ ਨੂੰ ਦਬਾਇਆ ਗਿਆ।

ਪਰ ਫੇਰ ਭੀ ਜਾਗਰਤ ਆਉਂਦੀ ਗਈ, ਮੋਟੀਆਂ ੨ ਸਿੰਘ ਸਭਾਵਾਂ ਦਾ ਤੇ ਦੀਵਾਨ ਦਾ ਹਾਲ ੧੮੯੬ ਤਕ ਇਸ ਤਰ੍ਹਾਂ ਸੀ–

"ਸ੍ਰੀ ਅੰਮ੍ਰਿਤਸਰ ਜੀ ਵਿਚ ਸਿੰਘ ਸਭਾ ਦਾ ਸਕੂਲ ਭੀ ਖੁਲ੍ਹਿਆ ਅਤੇ ਖੈਰਾਇਤੀ ਹਸਪਤਾਲ ਖੋਲ੍ਹਿਆ ਗਿਆ ਅਰ ਕਈ ਪ੍ਰਕਾਰ ਦੇ ਉਪਦੇਸ਼ ਪੱਤ੍ਰ ਅੰਮ੍ਰਿਤ ਛਕਾਉਣ ਦੀਆਂ ਵਿਧੀਆਂ ਸ੍ਰੀ ਗੁਰਪੁਰਬ ਪ੍ਰਕਾਸ਼ ਆਦਿਕ ਛਾਪ ਕਰ ਧਰਮ ਅਰਥ ਵੰਡੇ ਗਏ।

ਬਾਹਰ ਦੀਆਂ ਸਿੰਘ ਸਭਾਂ ਵਿਚ ਭੀ ਕਈ ਪ੍ਰਕਾਰ ਦੀਆਂ ਉੱਨਤੀਆਂ ਹੋਈਆਂ,ਜੈਸਾ ਕਿ ਸ੍ਰੀ ਗੁਰੂ ਸਿੰਘ ਸਭਾ ਸਿਆਲ ਕੋਟ ਨੇ ਸਕੂਲ ਖੋਲ੍ਹਿਆ, ਹੋਰ ਭੀ ਧਰਮ ਸੰਬੰਧੀ ਕਾਰਜ ਹਛੇ ਹਛੇ ਹੁੰਦੇ ਰਹੇ।

ਸਿੰਘ ਸਭਾ ਸ਼ਿਮਲਾ ਦੀ ਕੋਸ਼ਿਸ਼ ਨਾਲ ਇਕ ਉਥੇ ਬੜੀ ਆਲੀ-ਸ਼ਾਨ ਧਰਮਸਾਲਾ ਬਣ ਗਈ ਤੇ ਅਜੇ ਤੋੜੀ ਹੋਰ ਭੀ ਮਦਦ ਲਗ ਰਹੀ ਹੈ।

ਸਭਾ ਫਰੀਦ ਕੋਟ ਵਿਚ ਭੀ ਧਰਮ ਉਪਦੇਸ਼ ਰਹਿਤ ਮ੍ਰਿਯਾਦਾ ਦ ਬਾਰੇ ਵਿਚ ਬਹੁਤ ਕੋਸ਼ਿਸ਼ ਹੋਈ, ਬਹੁਤਿਆਂ ਸਿਖਾਂ ਨੂੰ ਅੰਮ੍ਰਿਤ ਛਕਾਇਆ ਤੇ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਅਨੀਤੀਆਂ ਤੋਂ ਬੀ ਹਟਾਇਆ। ਖਾਲਸਾ ਦੀਵਾਨ ਨੂੰ ਤਨ ਮਨ ਧਨ ਕਰ ਕੇ ਮਦਦ ਦਿਤੀ।

ਸਭਾ ਕਪੂਰਥਲਾ, ਜਾਲੰਧਰ, ਲੁਧਿਆਣਾ ਵਿਚ ਭੀ ਮੌਕੇ ਬਮੌਕੇ ਜੋੜ, ਜਲਸੇ ਹੁੰਦੇ ਰਹੇ, ਜਿਨ੍ਹਾਂ ਤੋਂ ਪਰਸਪਰ ਮਿਲਾਪ ਅਤੇ ਇਤਫ਼ਾਕ ਦਾ ਰਾਸਤਾ ਸਿਧ ਹੁੰਦਾ।

ਸਭਾ ਲਾਹੌਰ ਵਿਚ ਭੀ ਕਈ ਕਾਰਰਵਾਈਆਂ ਭੀ ਚੰਗੀਆਂ ਰਹੀਆਂ, ਜੈਸਾ ਕਿ ਅਖਬਾਰ ਜਾਰੀ ਕਰਨਾ, ਸਕੂਲ ਦਾ ਖੋਲ੍ਹਣਾ, ਬਾਹਰ

ਦੀਆਂ ਸਭਾ ਵਿਚ ਜਾ ਕੇ ਵਜਾਖਜਾਨ ਦੇਣੇ ਤੇ ਵਾਕਫੀ ਵਧਾਉਣੀ ਤੇ ਸਭ ਜਗ੍ਹਾ ਲਿਖਤ ਪੜ੍ਹਤ ਕਰਨੀ ਇਤਆਦਿਕ।

ਸਭਾ ਰਾਵਲਪਿੰਡੀ ਵਿਚ ਹਮੇਸ਼ਾਂ ਕਥਾ ਕੀਰਤਨ ਧਰਮ ਉਪਦੇਸ਼ ਤੇ ਏਕ ਰਸਾਲਾ ਮਾਹਵਾਰ 'ਗੁਰਮਤ ਪ੍ਰਕਾਸ਼ਕ' ਨਿਕਲਿਆ।

ਹੋਰ ਸਭਾ ਫੀਰੋਜ਼ਪੁਰ ਅਰ ਸਭਾ ਖਰੜ, ਰਾਜ ਪੁਰੇ ਆਦਿਕਾਂ ਵਿਚ ਭੀ ਕੇਚਤ ਧਰਮ ਕਾਰਜਾਂ ਵਿਚ ਉੱਨਤੀ ਹੋਈ।

ਅਤੇ ਏਹ ਇਕ ਬੜਾ ਭਾਰੀ ਗੁਣ ਹੋਇਆ ਕਿ ਸਿੰਘਾਂ ਭਾਈਆਂ ਨੂੰ ਆਪਸ ਵਿਚ ਮਿਲ ਕੇ ਬੈਠਣ ਦਾ ਮੌਕਾ ਅਤੇ ਆਪਣੀ ਧਰਮਗਜ ਸਰਕਾਰ ਅਗੇ ਅਰਜ਼ਾਂ ਪੇਸ਼ ਕਰ ਕੇ ਆਪਣੀਆਂ ਹਾਜਤਾਂ ਨੂੰ ਪੂਰਾ ਕਰਨ ਦੀ ਸੂਰਤ ਕਾਇਮ ਹੋਈ।

ਕਈ ਵੇਰ ਗਵਰਨਰ ਪੰਜਾਬ ਅਤੇ ਵਾਇਸਰਾਏ ਨੂੰ ਧੰਨਵਾਦ ਪੱਤ੍ਰ ਮੁਨਾਸਿਬ ਮੌਕਿਆ ਪੁਰ ਦਿਤੇ ਗਏ ਤੇ ਕਾਰਰਵਾਈ ਖਾਲਸਾ ਦੀਵਾਨ ਦੀ ਹਛੀ ਤਰ੍ਹਾਂ ਇਤਫ਼ਾਕ ਨਾਲ ਚਲਦੀ ਰਹੀ।

ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧਕਾਂ ਦੀ ਛੂਤ ਛਾਤ, ਹਿੰਦੂ ਨੁਮਾ ਸਿਖ ਰੀਤੀਆਂ, ਠਾਕਰਾਂ ਦੀ ਪੂਜਾ ਆਦਿ ਕਈ ਗਲਾਂ ਸਨ, ਜੋ ਭਾਈ ਗੁਰਮੁਖ ਸਿੰਘ ਜੀ ਆਦਿ ਨੂੰ, ਜੋ ਸਿਖ ਧਰਮ ਨੂੰ ਨਿਰੋਲ ਖਾਲਸ ਵੇਖਣਾ ਚਾਹੁੰਦੇ ਸਨ, ਇਹ ਗਲਾਂ ਨਾ ਭਾਈਆਂ। ਅਖੌਤੀ ਮਜ਼੍ਹਬੀ, ਰਾਮਦਾਸੀਏ ਆਦਿ ਗੁਰੂ ਕੇ ਸਿਖਾਂ ਨੇ ਰੋਟੀ ਬੇਟੀ ਦੀ ਸਾਂਝ ਲਈ ਬਹੁਤ ਵੇਰ ਖਾਲਸਾ ਦੀਵਾਨ ਪਾਸ ਪ੍ਰਾਰਥਨਾ ਕੀਤੀ, ਪਰ ਉਹਨਾਂ ਨੂੰ ਅਜੀਬ ਅਜੀਬ ਤਰੀਕਿਆਂ ਨਾਲ ਟਾਲ ਮਟੋਲ ਹੀ ਕੀਤੀ ਗਈ। ਇਹ ਮਤ ਭੇਦ ਚੋਟੀ ਤੇ ਹੋ ਗਿਆ, ਜਦ ਰਾਜਾ ਬਿਕ੍ਰਮਾ ਸਿੰਘ ਜੀ ਫ਼ਰੀਦਕੋਟ ਦੇ ਬਾਬਾ ਖੇਮ ਸਿੰਘ ਜੀ ਬੇਦੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਖ਼ਾਲਸਾ ਦੀਵਾਨ ਦੇ ਜੋੜ ਮੇਲਿਆਂ ਤੇ ਗਦੇਲੇ ਤੇ ਤਕੀਆ ਆਦਿ ਸਿਖ ਸੇਵਕਾਂ ਵਲੋਂ ਵਿਛਣੇ ਸ਼ੁਰੂ ਹੋਏ, ਪਰ ਭਾਈ ਗੁਰਮੁਖ ਸਿੰਘ ਜੀ ਆਦਿ ਇਸ ਨੂੰ ਗੁਰਮਤ ਵਿਰੁਧ ਸਮਝ ਕੇ ਇਹ ਨਹੀਂ ਚਾਹੁੰਦੇ ਸਨ। ਇਹ ਮਤ ਭੇਦ ਇਥੋਂ ਤਕ ਵਧ ਗਿਆ ਕਿ ਸਿੰਘ ਸਭਾ ਲਾਹੌਰ ਦੇ ਬਾਨੀ ਭਾਈ ਗੁਰਮੁੱਖ ਸਿੰਘ ਜੀ ਨੂੰ

ਖਾਲਸਾ ਦੀਵਾਨ ਅੰਮ੍ਰਿਤਸਰ ਛਡ ਲਾਹੌਰ ਅਡਰਾ ਖਾਲਸਾ ਦੀਵਾਨ ਬਨਵਾਉਣਾ ਪਿਆ। ਇਸ ਦਾ ਹੋਰ ਹਾਲ ਖਾਲਸਾ ਦੀਵਾਨ ਲਾਹੌਰ ਦੇ ਸਿਲਸਿਲੇ ਵਿਚ ਆਵੇਗਾ।

ਖਾਲਸਾ ਦੀਵਾਨ ਲਾਹੌਰ ਅਡ ਹੋ ਜਾਵਣ ਤੇ ਅੰਮ੍ਰਿਤਸਰ ਵਿਚ ਲੋਕਲ ਸਿੰਘ ਸਭਾ, ਫ਼ਰੀਦ ਕੋਟ ਤੇ ਰਾਵਲਪਿੰਡੀ ਦੀਆਂ ਸਿੰਘ ਸਭਾਂ ਹੀ ਮੁਖੀ ਰਹਿ ਗਈਆਂ। ਇਸ ਦੀਵਾਨ ਦਾ ਅਗੇ ਵਾਂਗ ਪਰ ਅਡਰਾ ਹਰ ਵਿਸਾਖੀ ਤੇ ਦੀਵਾਲੀ ਦੇ ਸਮੇਂ ਜੋੜ ਮੇਲ ਹੁੰਦਾ ਰਿਹਾ। ਭਾਈ ਗੁਰਮੁਖ ਸਿੰਘ ਜੀ ਪਿਛੋਂ ਭਾਈ ਗਣੇਸ਼ਾ ਸਿੰਘ ਜੀ ਚੀਫ ਸਕੱਤ੍ਰ ਹੋਏ, ਪਰ ਛੇਤੀ ਹੀ ਆਪ ਜੀ ਨੇ ਅਸਤੀਫਾ ਦੇ ਦਿਤਾ ਤੇ ਸਕੱਤ੍ਰੀ ਦੀ ਸੇਵਾ ਬਾਬਾ ਖੇਮ ਸਿੰਘ ਜੀ ਬੇਦੀ ਦੇ ਇਕ ਵਡੇ ਟਹਿਲੂਏ ਭਾਈ ਅਵਤਾਰ ਸਿੰਘ ਜੀ ਦੇ ਸਪੁਰਦ ਹੋਈ। ਖਾਲਸਾ ਦੀਵਾਨ ਅੰਮ੍ਰਿਤਸਰ ਤੇ ਲਾਹੌਰ ਦੀ ਆਪਸ ਵਿਚ ਖਹਿ ਖਹਿ ਨੇ ਇਸ ਦੀਵਾਨ ਨੂੰ ਕਾਫ਼ੀ ਕਮਜ਼ੋਰ ਕਰ ਦਿਤਾ, ਪਰ ਫ਼ਰੀਦਕੋਟ ਦੇ ਰਾਜਾ ਸਾਹਿਬ,ਬਾਬਾ ਖੇਮ ਸਿੰਘ ਜੀ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ ਸ੍ਰਬਰਾਹ ਇਸ ਦੇ ਮੁਖ ਪ੍ਰਬੰਧਕਾਂ 'ਚੋਂ ਹੋਣ ਦੇ ਕਾਰਨ ਇਹ ਦੀਵਾਨ ਆਪਣੀ ਸੇਵਾ ਕਰਦਾ ਹੀ ਰਿਹਾ, ਤੇ ੧੮੮੭ ਵਿਚ ਸਰਦਾਰ ਅਵਤਾਰ ਸਿੰਘ ਜੀ ਵਲੋਂ ਨਵੇਂ ਨਿਯਮ ਉਪਨਿਯਮ ਬਣਾਏ ਗਏ। ਇਨ੍ਹਾਂ ਪਿਛੋਂ ਚੀਫ ਸਕੱਤ੍ਰ ਗਿਆਨੀ ਸਰਦੂਲ ਸਿੰਘ ਜੀ ਬਣੇ।

ਇਸ ਦੇ ਉਦਮ ਨਾਲ ਸ੍ਰੀ ਦਰਬਾਰ ਸਾਹਿਬ ਵਿਖੇ ਲੰਗਰ ਲਈ ਰਾਜਾ ਬਿਕ੍ਰਮਾ ਸਿੰਘ ਜੀ ਫਰੀਦਕੋਟ ਨੇ ੭੫੦੦੦) ਤੇ ਬਿਜਲੀ ਆਦਿ ਲਗਵਾਉਣ ਲਈ ੨੫੦੦੦) ਦਾਨ ਦਿਤਾ। ਬਾਬਾ ਖੇਮ ਸਿੰਘ ਜੀ ਨੇ ਭੀ ਪੋਠੋਹਾਰ ਵਿਚ ਆਪਣੀ ਸਿਖੀ ਸੇਵਕੀ ਵਿਚ ਖੂਬ ਪ੍ਰਚਾਰ ਕੀਤਾ ਤੇ ਸਭ ਤੋਂ ਵਧ ਇਸਤ੍ਰੀ ਵਿਦਿਆ ਨੂੰ ਉਚਿਆਂ ਕਰਨ ਦਾ ਹੀਲਾ ਕੀਤਾ।

ਸਭ ਤੋਂ ਵਧੀਕ ਸੇਵਾ ਖਾਲਸਾ ਦੀਵਾਨ ਦੀ ਰਾਜਾ ਬਿਕ੍ਰਮਾ ਸਿੰਘ ਜੀ ਨੂੰ ਉਤਸ਼ਾਹਤ ਕਰਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਵਾਉਣ ਦੀ ਸੀ। ਬੇਨਤੀ ਕਰਨ ਤੇ ਰਾਜਾ ਸਾਹਿਬ ਫਰੀਦਕੋਟ ਨੇ ਗਿਆਨੀ ਬਦਨ ਸਿੰਘ ਜੀ ਸੇਖਵਾਂ ਨੂੰ ਇਸ ਪਾਸੇ ਲਾਇਆ। ਸਾਰਾ ਟੀਕਾ ਪੰਜਾਂ ਵਰ੍ਹਿਆਂ

ਵਿਚ ਸੰਪੂਰਣ ਹੋਇਆ। ਫੇਰ ੧੦ ਫਰਵਰੀ ੧੯੯੪ ਨੂੰ ਖਾਲਸਾ ਦੀਵਾਨ ਦਾ ਡੈਪੂਟੇਸ਼ਨ ਰਾਜਾ ਸਾਹਿਬ ਨੂੰ ਇਸ ਵਿਚਾਰ ਲਈ ਮਿਲਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਇਸ ਤਰ੍ਹਾਂ ਨਾ ਛਪਵਾਇਆ ਜਾਵੇ, ਸਗੋਂ ਹੋਰ ਗਿਆਨੀਆਂ ਦੀ ਕਮੇਟੀ ਬਣਵਾ ਪੂਰੀ ਪੂਰੀ ਵਿਚਾਰ ਕਰ ਪ੍ਰਕਾਸ਼ਤ ਕਰਵਾਇਆ ਜਾਵੇ। ਇਸ ਨੂੰ ਮੰਨ ਬਾਬਾ ਸੁਮੇਰ ਸਿੰਘ ਜੀ ਪਟਨਾ ਸਾਹਿਬ ਦੇ ਮਹੰਤ, ਗਿਆਨੀ ਭਜਨ ਸਿੰਘ ਜੀ ਅੰਮ੍ਰਿਤਸਰ, ਗਿਆਨੀ ਸੰਤ ਸਿੰਘ ਜੀ ਕਪੂਰਥਲਾ, ਪੰਡਤ ਬਾਲਕ ਰਾਮ ਜੀ ਤੇ ਪੰਡਤ ਹਮੀਰ ਸਿੰਘ ਜੀ ਦੀ ਪ੍ਰਬੰਧਕ ਕਮੇਟੀ ਬਣਾਈ ਗਈ। ਅਰਥਾਂ ਤੇ ਕਈ ਵੇਰ ਮਤ ਭੇਦ ਹੋ ਗਿਆ ਜਿਸ ਕਾਰਨ ਦੋਵੇਂ ਪੰਡਤ ਫਰੀਦਕੋਟ ਛਡ ਗਏ। ਫੇਰ ਭਾਈ ਲਧਾ ਸਿੰਘ ਜੀ ਫਰੀਦਕੋਟ ਆਏ ਤੇ ਇਸ ਸੇਵਾ ਵਿਚ ਲਾਏ ਗਏ, ਪਰ ਆਪ ਜੀ ਦਾ ਭੀ ਗਿਆਨੀ ਬਦਨ ਸਿੰਘ ਜੀ ਨਾਲ ਪ੍ਰਸਪਰ ਵਿਰੋਧ ਹੀ ਰਿਹਾ ਤੇ ਇਸ ਤਰ੍ਹਾਂ ਰਾਜਾ ਬਿਕ੍ਰਮਾ ਸਿੰਘ ਜੀ ਆਪਣੇ ਜੀਵਨ ਵਿਚ ਇਸ ਸੇਵਾ ਨੂੰ ਪੂਰਾ ਹੋਇਆ ਨਾ ਵੇਖ ਸਕੇ। ਜਦ ਇਨ੍ਹਾਂ ਦੇ ਸਪੁਤ੍ਰ ਰਾਜਾ ਬਲਬੀਰ ਸਿੰਘ ਜੀ ਗਦੀ ਤੇ ਬੈਠੇ ਤਦ ਗਿਆਨੀ ਬਦਨ ਸਿੰਘ ਜੀ ਦਾ ਫੇਰ ਜ਼ੋਰ ਹੋਇਆ ਤੇ ਟੀਕਾ ਪਹਿਲੀ ਵੇਰ ਛਪਿਆ। ਭਾਵੇਂ ਇਸ ਵਿਚ ਕਈ ਅਰਥ ਮੂਲ ਨਾਲੋਂ ਭੀ ਸਮਝਣ ਵਿਚ ਕਠਿਨ ਹੋ ਗਏ ਹਨ, ਪਰ ਫੇਰ ਭੀ ਅਜ ਕੱਲ ਸਭ ਤੋਂ ਪੁਰਾਣਾ ਟੀਕਾ ਇਹੀ ਹੈ।

ਖਾਲਸਾ ਦੀਵਾਨ, ਲਾਹੌਰ

ਖਾਲਸਾ ਦੀਵਾਨ ਅੰਮ੍ਰਿਤਸਰ ਨਾਲ ਅਸੂਲੀ ਮਤ ਭੇਦ ਹੋ ਜਾਣ ਉਪਰੰਤ ਭਾਈ ਗੁਰਮੁਖ ਸਿੰਘ ਜੀ ਚੀਫ ਸਕੱਤ੍ਰ ਖਾਲਸਾ ਦੀਵਾਨ ਨੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਤੇ ਹੋਰ ਸਿਖ ਮੁਖੀਆਂ ਨਾਲ ਮਿਲ ਕੇ ਸਲਾਹ ਕੀਤੀ ਤੇ ਇਹ ਠੀਕ ਜਾਤਾ ਜੋ ਰੋਜ਼ ਦਿਹਾੜੇ ਦੀ ਖਹਿਬੜ ਨਾਲੋਂ ਆਪਣਾ ਖਾਲਸਾ ਦੀਵਾਨ ਅਡਰਾ ਬਣਾ ਲਿਆ ਜਾਵੇ, ਜਿਸ ਦੀਆਂ ਇਕਤ੍ਰਤਾਵਾਂ ਭੀ ਖਾਲਸਾ ਦੀਵਾਨ ਅੰਮ੍ਰਿਤਸਰ ਨਾਲੋਂ ਵਖਰੀਆਂ ਕੀਤੀਆਂ ਜਾਇਆ ਕਰਨ। ਸੋ ਇਹ ਵਿਚਾਰ ਕਰ ਕੇ 'ਖਾਲਸਾ ਦੀਵਾਨ ਲਾਹੌਰ' ਬਹੁਤ

ਸਾਰੀਆਂ ਸਿੰਘ ਸਭਾਵਾਂ ਦੇ ਪ੍ਰਤੀਨਿਧ ਇਕੱਤ੍ਰ ਕਰ ਕੇ ੩੦–੩੧ ਚੇਤਰ ਸੰਮਤ ਬਿਕ੍ਰਮੀ ੧੯੪੨, ਸੰਮਤ ਸ੍ਰੀ ਗੁਰੂ ਨਾਨਕ ਦੇਵ ਜੀ ੪੧੭ ਤੇ ਸੰਨ ੧੮੮੬ ਨੂੰ ਸਾਜਿਆ ਗਿਆ। ਇਸ ਦੇ ਚੀਫ ਸਕੱਤ੍ਰ ਭਾਈ ਗੁਰਮੁਖ ਸਿੰਘ ਜੀ ਬਣਾਏ ਗਏ। ੧੯ ਫਰਵਰੀ ੧੮੯੨ ਨੂੰ ਐਕਟ ਨੰਬਰ ੨੧ ਸੰਨ ੧੮੬੦ ਅਨੁਸਾਰ ਰਜਿਸਟਰਾਰ ਜਾਇੰਟ ਸਟਾਕ ਕੰਪਨੀਜ਼ ਪੰਜਾਬ ਪਾਸ ਖਾਲਸਾ ਦੀਵਾਨ ਰਜਿਸਟਰੀ ਕੀਤਾ ਗਿਆ।

ਇਸ ਦੇ ਸਰਪ੍ਰਸਤ ਗਵਰਨਰ ਪੰਜਾਬ ਤੇ ਕਮਾਂਡਰ ਇਨ ਚੀਫ ਹਿੰਦ ਬਣਾਏ ਗਏ। ਖਾਲਸਾ ਦੀਵਾਨ ਦੀ definition ਤੇ ਮਨਸ਼ਾ ਬੁਨਿਆਦੀ ਕਾਨੂੰਨ ਅਤੇ ਕੈਦਿਆਂ (ਮੂਲ ਸੂਤ੍ਰ) ਵਿਚ ਇਸ ਤਰ੍ਹਾਂ ਦਸਿਆ ਹੈ:–

੧. ਸਿੰਘਾਂ ਦੀ ਓਸ ਕੌਮੀ ਮਜਲਸ ਦਾ ਨਾਉਂ 'ਖਾਲਸਾ ਦੀਵਾਨ' ਹੈ ਜਿਸ ਵਿਚ:–

(ੳ) ਕਈ ਐਸੀਆਂ ਸੰਬੰਧਤ ਸਿੰਘ ਸਭਾਵਾਂ ਦੇ ਪ੍ਰਤਿਨਿਧ ਹਨ, ਜੋ ਸਭਾ ਭਿੰਨ ਭਿੰਨ ਜਗ੍ਹਾ ਪੁਰ ਕਾਇਮ ਹਨ।

(ਅ) ਐਸੀਆਂ ਰਿਆਸਤਾਂ ਦੇ ਸਿੰਘ ਹਨ ਜਿਸ ਜਗ੍ਹਾ ਕੋਈ ਸੰਬੰਧਿਤ ਸਿੰਘ ਸਭਾ ਨਹੀਂ ਹੈ। ਐਸਿਆਂ ਸਿੰਘਾਂ ਦੀ ਗਿਣਤੀ ੧੫ ਤੋਂ ਵਧੀਕ ਨਹੀਂ ਹੋਵੇਗੀ।

੨. ਸੰਬੰਧਤ ਸਿੰਘ ਸਭਾ ਦਾ ਅਰਥ ਅਜੇਹੀ 'ਸ੍ਰੀ ਗੁਰੂ ਸਿੰਘ ਸਭਾ' ਹੈ, ਜੋ ਨੇਮਾਂ ਅਨੁਸਾਰ ਖਾਲਸਾ ਦੀਵਾਨ ਨਾਲ ਸੰਬੰਧਤ ਹੈ ਅਤੇ ਐਸੀ ਸੰਬੰਧਤ ਸਿੰਘ ਸਭਾ ਦੇ 'ਪ੍ਰਤਿਨਿਧ' ਦਾ ਅਰਥ ਉਹ ਮੁਖਤਾਰ ਹੈ ਜਿਸ ਨੂੰ ਐਸੀ ਸਿੰਘ ਸਭਾ ਮੁਕੱਰਰ ਕਰੇ ਜਾਂ ਜਿਸ ਨੂੰ ਖਾਲਸਾ ਦੀਵਾਨ ਐਸੀ ਸਿੰਘ ਸਭਾ ਵਿਚੋਂ ਚੁਣ ਲਵੇ ਕਿ ਉਹ ਖਾਲਸਾ ਦੀਵਾਨ ਦਾ ਸਹਾਇਕ ਬਣੇ। ਖਾਲਸਾ ਦੀਵਾਨ ਦੇ ਮਨਸ਼ਾ ਇਹ ਹਨ:–

(ੳ) ਖਾਲਸਾ ਪੰਥ ਵਿਚ ਲਾਭਦਾਇਕ ਵਿੱਦਯਾ ਅਤੇ ਗੁਣਾਂ ਦਾ ਪਰਚਾਰ ਕਰਨਾ।

(ਅ) ਇਲਮ ਅਤੇ ਹੁਨਰਾਂ ਦੀ ਬ੍ਰਿਧੀ ਕਰਨੀ।

(ੲ) ਪੰਜਾਬੀ ਭਾਖਾ ਦੀ ਉੱਨਤੀ ਕਰਨੀ ਅਤੇ ਹੋਰਨਾਂ ਭਾਖਾ ਵਿਚੋਂ ਗੁਰਮੁਖੀ ਤਰਜਮਾ ਕਰ ਕੇ ਇਸ ਨੂੰ ਭਰਪੂਰ ਕਰਨਾ।

(ਸ) ਖਾਲਸਾ ਧਰਮ ਦੇ ਪੁਸਤਕਾਂ (ਗੁਰੂ ਗ੍ਰੰਥ ਸਾਹਿਬਾਨ) ਦੇ ਯਥਾਰਥ ਅਰਥ ਕਰਨੇ ਅਤੇ ਓਨਾਂ ਵਿਚ ਜੋ ਅੱਡ ਅੱਡ ਭਾਖਾ ਹਨ, ਓਨਾਂ ਦੇ ਸ਼ਬਦਾਂ ਦੀ ਤਾਰੀਖ ਅਰਥਾਤ ਉਤਪਤੀ ਅਤੇ ਅਦਲੀ ਬਦਲੀ ਦਾ ਨਿਰਨਾ ਕਰਨਾ।

(ਹ) ਮਾਨਸਕ, ਸੁਧਾਚਾਰਕ ਅਤੇ ਸਮਾਜਕ ਅਵਸਥਾ ਦੀ ਬ੍ਰਿਧੀ ਕਰਨੀ ਅਤੇ ਖਾਲਸਾ ਧਰਮੰ ਦੇ ਸਚੇ ਨੇਮਾਂ ਦਾ ਪ੍ਰਚਾਰ ਕਰਨਾ।

(ਕ) ਇਸਤ੍ਰੀ ਸਿੱਖਯਾ ਨੂੰ ਵਧਾਉਣਾ।

(ਖ) ਸਿੰਘਾਂ ਦੇ ਯਤੀਮ ਬੱਚਿਆਂ ਦੀ ਵਿੱਦਯਾ ਅਤੇ ਪਾਲਨਾ ਲਈ ਯਤੀਮਖਾਨਾ ਖੋਲ੍ਹਨਾ।

(ਗ) ਹੁਨਰ ਅਤੇ ਕਾਸ਼ਤਕਾਰੀ ਵਿੱਦਯਾ ਦੇ ਦੇਣ ਲਈ ਕਾਲਜ ਅਤੇ ਮਦਰਸੇ ਜਾਰੀ ਕਰਨੇ।

(ਘ) ਲਾਭਦਾਇਕ ਪੋਥੀਆਂ ਅਤੇ ਰਸਾਲੇ ਛਾਪਣ ਲਈ ਇਕ ਅਥਵਾ ਵਧੀਕ ਪ੍ਰੈਸ ਖੋਲ੍ਹਨੇ।

(ਙ) ਲਾਭਦਾਇਕ ਵਿੱਦਯਾ ਵਿਸਥਾਰਨ ਦੇ ਪੱਲੇ ਨੂੰ ਵਧਾਉਨ ਲਈ ਭਿੰਨ ਭਿੰਨ ਅਸਥਾਨਾਂ ਵਿਚ ਸ਼ਾਖਾਂ (ਸਿੰਘ-ਸਭਾਂ) ਖੜੀਆਂ ਕਰਨੀਆਂ।

(ਚ) ਸਰਕਾਰ ਅੰਗਰੇਜ਼ੀ ਅਤੇ ਖਾਲਸਾ ਪੰਥ ਦੇ ਹਕੂਕ ਪਰਗਟ ਕਰਨੇ ਅਤੇ ਸਿੰਘਾਂ ਨੂੰ ਸਰਕਾਰ ਅੰਗਰੇਜ਼ੀ ਦੇ ਰਾਜ ਦੀਆਂ ਅਨਗਿਨਤ ਬਰਕਤਾਂ ਦਸਨੀਆਂ।

(ਛ) ਅਗੇ ਆਉਨ ਵਾਲੀਆਂ ਨਸਲਾਂ ਵਿਚ ਪੰਥ ਉੱਨਤੀ ਦੇ ਖਿਆਲ ਪਾਉਣੇ ਅਤੇ ਜਮਾਤੀ ਤਾਕਤ ਪੈਦਾ ਕਰਨੀ, ਜਿਸ ਤੋਂ ਮਿਲ ਕਰ ਕੇ ਉਦਮ ਕਰਨ ਦਾ ਢੰਗ ਬ੍ਰਿਧੀ ਪਾਉਂਦਾ ਹੈ ਅਤੇ ਜੋ ਸਰਕਾਰ ਅੰਗਰੇਜ਼ੀ ਦੀ ਨਿਮਕ ਹਲਾਲੀ, ਫਰਮਾਂਬਰਦਾਰੀ ਅਤੇ ਸ਼ੁਕਰਗੁਜ਼ਾਰੀ ਨੂੰ ਚੰਗੀ ਤਰ੍ਹਾਂ ਪੱਕਾ ਕਰਦਾ ਹੈ।

(ਜ) ਸਿਖਾਂ ਦੀ ਮੌਜੂਦਾ ਅਵਸਥਾ ਦੀ ਉੱਨਤੀ ਕਰਨ ਹਿਤ ਇਹਨਾਂ ਅਤੇ ਐਸਿਆਂ ਹੋਰਨਾਂ ਉਦੇਸ਼ਾਂ ਦੇ ਪੂਰਾ ਕਰਨ ਲਈ ਨਮੇ ਵਾਜਬੀ ਤਰੀਕੇ ਇਖਤਿਆਰ ਕਰਨੇ।

ਇਹਨਾਂ ਮਨਸ਼ਿਆਂ ਨਾਲ ਹੋਰ ਬਹੁਤ ਸਾਰੇ ਨਿਯਮ ਉਪ-ਨਿਯਮ ਬਣਾਏ ਗਏ, ੧੮੯੨ ਵਿਚ ਰਜਿਸਟਰ ਕਰਾਏ ਗਏ ਸਨ। ਅਸਲ ਵਿਚ ਇਹ ੧੮੮੩ ਵਿਚ ਸ੍ਰ: ਗੁਰਮੁਖ ਸਿੰਘ ਜੀ ਨੇ ਹੋਰ ਸਾਥੀਆਂ ਸਣੇ ਖਾਲਸਾ ਦੀਵਾਨ ਅੰਮ੍ਰਿਤਸਰ ਲਈ ਬਣਾਏ ਸਨ ਜੋ ਆਪਸ ਦੀ ਤੂੰ ਤੂੰ ਮੈਂ ਮੈਂ ਕਾਰਨ ਅਪ੍ਰਵਾਨ ਕੀਤੇ ਗਏ ਸਨ ਤੇ ਹੁਣ ਲਾਹੌਰ ਦੇ ਖਾਲਸਾ ਦੀਵਾਨ ਦੇ ਮੂਲ ਸੂਤ੍ਰ ਮਿਥੇ ਗਏ।

ਇਹਨਾਂ ਅਨੁਸਾਰ ਇਕ ਕਾਰਯ ਸਾਧਕ ਕਮੇਟੀ, ਜਿਸ ਦਾ ਨਾਉਂ ਖਾਲਸਾ ਕਮੇਟੀ ਰਖਿਆ ਗਿਆ, ਬਣਾਈ ਗਈ ਤੇ ਇਸ ਦੇ ਹਵਾਲੇ ਸਾਰੇ ਦੀਵਾਨ ਦੇ ਕੰਮਾਂ ਦਾ ਬੰਦੋਬਸਤ ਕਰਨਾ ਅਤੇ ਚਲਾਉਣਾ ਹੋਇਆ ਤੇ ਨਾਲ ਹੋਰ ਸਬ-ਕਮੇਟੀਆਂ ਬਣਾ ਕੇ ਆਪਣੇ ਦੀਵਾਨ ਨੂੰ ਪੂਰਾ ਪੂਰਾ ਸਫਲ ਕਰਨ ਹਿਤ ਕੰਮ ਜ਼ੋਰ ਸ਼ੋਰ ਨਾਲ ਸ਼ੁਰੂ ਹੋਇਆ। ਖਾਲਸਾ ਦੀਵਾਨ ਅੰਮ੍ਰਿਤਸਰ ਦੇ ਗ਼ਲਤ ਪ੍ਰਾਪੇਗੰਡੇ ਨੂੰ ਰੋਕਣ ਲਈ, ਸਿਖੀ ਦੀ ਅਸਲੀਅਤ ਦਰਸਾਉਣ ਤੇ ਪੰਜਾਬੀ ਭਾਸ਼ਾ ਦੀ ਉੱਨਤੀ ਕਰਨ ਹਿਤ ਪੰਜਾਬੀ ਅਖਬਾਰਾਂ ਤੇ ਪ੍ਰੈਸ ਦਾ ਸਿਲਸਿਲਾ ਭੀ ਜਾਰੀ ਹੋਇਆ।

ਸਭ ਤੋਂ ਪਹਿਲੇ ਭਾਈ ਗੁਰਮੁਖ ਸਿੰਘ ਜੀ, ਜੋ ਓਦੋਂ ਅਸਿਸਟੈਂਟ ਪ੍ਰੋਫੈਸਰ ਓਰੀਐਂਟਲ ਕਾਲਿਜ ਲਾਹੌਰ ਸਨ, ਨੇ 'ਸੁਧਾਰਾਰਕ' ਅਰਥਾਤ ਧਾਰਮਕ, ਵਿਦਯਾਇਕ, ਸਮਾਜਕ, ਭਾਈਚਾਰਕ, ਕੌਮੀ ਅਤੇ ਵਿਵਹਾਰਕ ਉੱਨਤੀ ਲਈ ਮਾਸਕ ਪੁਸਤਕ ਰਚ ਅਪ੍ਰੈਲ ੫੮੮੬ ਈ: ਮੁਤਾਬਿਕ ਮਹੀਨਾ ਵਿਸਾਖ ਸੰ: ਨਾਨਕ ੪੧੭ ਨੂੰ ਪ੍ਰਕਾਸ਼ਤ ਕੀਤਾ ਤੇ ਕੁਝ ਸਮੇਂ ਲਈ ਪ੍ਰਕਾਸ਼ਤ ਹੁੰਦਾ ਰਿਹਾ। ਇਸ ਦੇ ਗੁਰੂ ਮਤ ਮੰਡਨ, ਮੂਰਤੀ ਪੂਜਾ ਖੰਡਨ ਤੇ ਹੋਰ ਲੇਖਾਂ ਨੇ ਜਿਨ੍ਹਾਂ ਵਿਚ ਪ੍ਰੋਫੈਸਰ ਜੀ ਨੇ ਸਿਖਾਂ ਨੂੰ ਹਿੰਦੂ ਧਰਮ ਦੇ ਮਿਲਗੋਭੇ 'ਚੋਂ ਕਢਣ ਲਈ ਲਿਖੇ ਲੇਖ ਹਿੰਦੂ ਦਿਲ ਵਾਲੇ ਸਿਖਾਂ ਤੇ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਪ੍ਰਧਾਨ ਬਾਬਾ ਖੇਮ ਸਿੰਘ ਜੀ

ਆਦਿ ਨੂੰ ਬਹੁਤ ਬੁਰੇ ਲਗੇ। 'ਸੁਧਾਰਾਰਕ' ਦੇ ਦੂਸਰੇ ਪਰਚੇ ਵਿਚ ਸਿਖ ਇਤਿਹਾਸ ਵਿਚ ਪਈਆਂ ਗਲਤੀਆਂ ਸੰਬੰਧੀ ਬਹੁਤ ਗਜ਼ਬ ਦਾ ਲੇਖ ਹੈ। ਖਾਸ ਕਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਅਵਤਾਰ ਧਾਰਨ ਦੀ ਤ੍ਰੀਕ ਸੰਬੰਧੀ ਵਿਸਾਖ ਸੁਦੀ ੩ ਸਿਧ ਕਰਦਿਆਂ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਪਰਦਾ ਉਤਾਰ ਉਸ ਨੂੰ ਖੂਬ ਅਸਲ ਰੂਪ ਵਿਚ ਦਰਸਾਇਆ ਹੈ। ਇਸੇ ਖੋਜ ਨੂੰ ਪੜ੍ਹ ਭਾਈ ਕਰਮ ਸਿੰਘ ਜੀ ਪ੍ਰਸਿਧ ਹਿਸਟੋਰੀਅਨ ਨੂੰ 'ਕਤਕ ਕਿ ਵਿਸਾਖ' ਪੁਸਤਕ ਲਿਖਣ ਦਾ ਉਤਸ਼ਾਹ ਹੋਇਆ ਸੀ ਤੇ ਆਪ ਜੀ ਨੇ ਇਕ ਬੜੀ ਖੋਜ ਭਰੀ ਪੁਸਤਕ ਲਿਖੀ ਸੀ।

ਇਸ ਸੁਧਾਰਾਰਕ ਤੇ ਬਸ ਨਾ ਕਰਦਿਆਂ ਖਾਲਸਾ ਦੀਵਾਨ ਲਾਹੌਰ ਵਲੋਂ ਸਪਤਾਹਕ ਪੱਤ੍ਰ 'ਖ਼ਾਲਸਾ ਅਖਬਾਰ' ਗੁਰਮੁਖੀ ਅਖਰਾਂ ਵਿਚ ਭਾਈ ਝੰਡਾ ਸਿੰਘ ਜੀ ਦੀ ਐਡੀਟਰੀ ਹੇਠ ੧੩ ਜੂਨ ਸੰਨ ੧੮੮੬ ਮੁਤਾਬਿਕ ੧ ਹਾੜ ਸੰਮਤ ੪੧੭ ਸ੍ਰੀ ਗੁਰੂ ਨਾਨਕ ਸ਼ਾਹੀ ਨੂੰ ਪਥਰ ਦੇ ਛਾਪੇ ਤੇ ਛਪਣਾ ਸ਼ੁਰੂ ਹੋਇਆ। ਇਸ ਦੇ ਵਡੇ ਮੰਤਵ ਇਹ ਸਨ:-

੧. ਦਸਾਂ ਗੁਰਾਂ ਦੇ ਜੀਵਨ ਚਰਿਤ੍ਰਾਂ ਵਿਚੋਂ ਪ੍ਰਸੰਗ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤ ਉਪਦੇਸ਼ਾਂ ਨੂੰ ਪ੍ਰਗਟ ਕਰਨਾ।
੨. ਵਿਦਿਆ ਦੀ ਉੱਨਤੀ।
੩. ਖਾਲਸਾ ਧਰਮ ਦੀ ਬਿਰਧੀ ਦੇ ਉਪਾਉ।
੪. ਸਿੰਘ ਸਭਾ ਦੇ ਪ੍ਰਯੋਜਨ ਤੇ ਲਾਭ।
੫. ਖਾਲਸਾ ਧਰਮ ਵਿਚ ਪਈਆਂ ਕੁਰੀਤੀਆਂ ਨੂੰ ਦੂਰ ਕਰਨਾ ਆਦਿ।

ਹੋਰਨਾਂ ਲਿਖਾਰੀਆਂ ਦੇ ਨਾਲ ਇਸ ਅਖਬਾਰ ਦੀ ਬਹੁਤੀ ਸੇਵਾ ਗਿਆਨੀ ਦਿਤ ਸਿੰਘ ਜੀ, ਜੋ ਭਾਈ ਗੁਰਮੁਖ ਸਿੰਘ ਜੀ ਨਾਲ ਹੀ ਓਰੀਐਂਟਲ ਕਾਲਜ ਲਾਹੌਰ ਵਿਚ ਅਧਯਾਪਕ ਸਨ, ਨੇ ਕੀਤੀ। ਗਿਆਨੀ ਜੀ ਦੀ ਜ਼ੋਰਦਾਰ ਕਲਮ ਤੋਂ ਤਾਂ ਸਾਰੇ ਜਾਣੂੰ ਸਨ ਹੀ, ਸੋ ਛੇਤੀ ਇਹ ਅਖਬਾਰ ਜੋਰ ਫੜ ਗਿਆ। ਇਸ ਵਿਚ ਖਬਰਾਂ ਤੋਂ ਇਨਾਂ ਆਪਣੇ ਆਸ਼ੇ ਨੂੰ ਪੂਰਾ ਕਰਦਿਆਂ ਸਿਖ ਇਤਿਹਾਸ ਤੇ ਧਰਮ ਸੰਬੰਧੀ ਭੀ ਬੜੇ ਜ਼ੋਰ ਦੇ ਲੇਖ ਛਪਦੇ ਸਨ।

ਪ੍ਰੋ: ਗੁਰਮੁਖ ਸਿੰਘ ਜੀ ਨੇ ਅਗੇ ਵਾਂਗ ਪੰਜਾਬ ਹੀ ਨਹੀਂ: ਸਗੋਂ ਸਾਰੇ ਹਿੰਦੁਸਤਾਨ ਵਿਚ ਥਾਂ ਥਾਂ ਫਿਰ ਸਿੰਘ ਸਭਾਵਾਂ ਕਾਇਮ ਕਰਨ ਲਈ ਸੁਤੀ ਪਈ ਖਾਲਸਾ ਕੌਮ ਨੂੰ ਹਲੂਣਾ ਦੇਣਾ ਸ਼ੁਰੂ ਕੀਤਾ। ਪਾਰਟੀ ਬਾਜ਼ੀ ਲਈ ਨਹੀਂ, ਸਗੋਂ ਉਸੇ ਤਰ੍ਹਾਂ ਪਹਿਲੇ ਪ੍ਰੇਮ ਨਾਲ। ਪਰ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਜੀ ਦੇ ਪਿਛੇ ਰਹੇ ਮੁਖ ਪ੍ਰਬੰਧਕਾਂ ਨੂੰ ਇਹ ਚੰਗਾ ਨਾ ਲਗਾ ਤੇ ਉਹਨਾਂ ਥਾਂ ਥਾਂ ਲਾਹੌਰ ਵਾਲਿਆਂ ਸਜਣਾਂ ਨੂੰ ਖਾਸ ਕਰ ਪ੍ਰੋ: ਗੁਰਮੁਖ ਸਿੰਘ ਜੀ ਤੇ ਗਿਆਨੀ ਦਿਤ ਸਿੰਘ ਜੀ ਨੂੰ ਬਦਨਾਮ ਤੇ ਤੰਗ ਕਰਨਾ ਸ਼ੁਰੂ ਕਰ ਦਿਤਾ।

ਇਥੋਂ ਤਕ ਕਿ ਅਗਸਤ ੧੮੮੬ ਵਿਚ ਪ੍ਰੋ: ਗੁਰਮੁਖ ਸਿੰਘ ਜੀ ਜਦ 'ਖਾਲਸਾ ਧਰਮ ਉਪਦੇਸ਼ਕ' ਦਾ ਕੰਮ ਕਰਦੇ ਸ੍ਰੀ ਅੰਮ੍ਰਿਤਸਰ ਜੀ ਪੁਜੇ ਤਾਂ ਆਪ ਜੀ ਨੇ ਪਹਿਲੋਂ ਇਕ ਬੁੰਗੇ ਵਿਖੇ ਵਿਆਖਿਆਨ ਕੀਤਾ, ਜਿਸ ਨੂੰ ਸੁਣ ਸੰਗਤਾਂ ਨੇ ਆਪ ਜੀ ਪਾਸ ਮੰਜੀ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਲੈਕਚਰ ਕਰਨ ਨੂੰ ਬੇਨਤੀ ਕੀਤੀ। ਪਰ ਜਦ ਦੂਸਰੇ ਦਿਨ ਪ੍ਰੋਫੈਸਰ ਜੀ ਮੰਜੀ ਸਾਹਿਬ ਗਏ ਤਾਂ ਪ੍ਰਬੰਧਕ ਪੁਲੀਸ ਨੂੰ ਲਈ ਖੜੇ ਸਨ ਕਿ ਪ੍ਰੋ: ਗੁਰਮੁਖ ਸਿੰਘ ਜੀ ਨੇ ਸ੍ਰੀ ਦਰਬਾਰ ਸਾਹਿਬ ਦੇ ਸਰਬਰਾਹ ਸਾਹਿਬ ਦੀ ਆਗਿਆ ਨਹੀਂ ਲਈ। ਇਸ ਲਈ ਜੇ ਬੋਲਣ ਤਾਂ ਗ੍ਰਿਫਤਾਰ ਕੀਤੇ ਜਾਵਣ। ਪ੍ਰੋਫੈਸਰ ਜੀ ਨੇ ਮੌਕਾ ਤਾੜ ਲਿਆ। ਇਸੇ ਤਰ੍ਹਾਂ ਜਿਥੇ ਜੋਰ ਚੱਲਦਾ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਚੌਧਰੀ ਆਪ ਜੀ ਨੂੰ ਲੈਕਚਰ ਭੀ ਨਾ ਕਰਨ ਦੇਂਦੇ।

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਵਿਖੇ ਹੋਰ ਕੁਰੀਤੀਆਂ ਨਾਲ ਬੁਤ ਤੇ ਮੂਰਤੀ ਪੂਜਾ ਦਾ ਖੂਬ ਜੋਰ ਹੋ ਰਿਹਾ ਸੀ। ਇਸ ਦੇ ਖੰਡਨ ਬਾਰੇ ਭਾਈ ਗੁਰਮੁਖ ਸਿੰਘ ਜੀ ਨੇ ਸੁਧਾਰਾਰਕ ਦੇ ਸਾਵਨ ਦੇ ਪਰਚੇ ਵਿਚ ਪੁਰ-ਜ਼ੋਰ ਲੇਖ ਲਿਖਿਆ, ਜਿਸ ਨੂੰ ਅੰਮ੍ਰਿਤਸਰ ਦੇ ਪ੍ਰਬੰਧਕਾਂ ਬੁਰਾ ਮਨਾਇਆ ਤੇ ਆਪ ਜੀ ਦੇ ਵਿਰੁਧ ਇਸ ਬਾਰੇ ਲੋਕਾਂ ਦੇ ਦਿਲਾਂ ਵਿਚ ਭੁਲੇਖਾ ਪਾਉਣ ਦੀ ਗੋਂਦ ਗੁੰਦੀ ਗਈ ਕਿ ਜਿਸ ਤਰ੍ਹਾਂ ਪ੍ਰੋਫੈਸਰ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਹੈ।

ਅਪ੍ਰੈਲ ੧੮੮੭ ਵਿਚ ਹੋਣ ਵਾਲੇ ਛਿਮਾਹੀ ਜੋੜ ਮੇਲ ਨੂੰ ਨੇੜੇ ਆਉਂਦੇ ਦੇਖ ਖਾਲਸਾ ਦੀਵਾਨ ਅੰਮ੍ਰਿਤਸਰ, ਜਿਸ ਵਿਚ ਹੁਣ ਰਾਜਾ ਸਾਹਿਬ ਫਰੀਦਕੋਟ ਤੇ ਬਾਬਾ ਖੇਮ ਸਿੰਘ ਜੀ ਦੀਆਂ ਫਰੀਦਕੋਟ ਤੇ ਰਾਵਲਪਿੰਡੀ ਦੀਆਂ ਸਿੰਘ ਸਭਾਵਾਂ ਸ੍ਰੀ ਅੰਮ੍ਰਿਤਸਰ ਸਿੰਘ ਸਭਾ ਨਾਲ ਸਨ, ਦੇ ਸੇਵਕਾਂ ਨੇ ਥਾਂ ਥਾਂ ਫਿਰਨਾ ਸ਼ੁਰੂ ਕਰ ਕੇ ਖੂਬ ਹੱਲਾ ਮਾਰਿਆ।

ਭਾਈ ਗੁਰਮੁਖ ਸਿੰਘ ਜੀ ਦੇ ਅਸਲੀ ਲੇਖ ਨੂੰ ਤਰੋੜ ਮਰੋੜ ਕਈ ਪ੍ਰਕਾਰ ਦੀਆਂ ਇਹ ਊਜਾਂ ਲਾਈਆਂ ਗਈਆਂ:-

੧. ਖਾਲਸੇ ਦੇ ਇਤਫਾਕ ਤੇ ਉੱਨਤੀ ਵਿਚ ਵਿਰੋਧ ਦਾ ਬੀਜ ਬੀਜਣਾ।

੨. ਸ੍ਰੀ ਅੰਮ੍ਰਿਤਸਰ ਜੀ ਦੇ ਖਾਲਸਾ ਦੀਵਾਨ ਨੂੰ (ਮਸਨੂਈ) ਬਨਾਵਟੀ ਆਖਣਾ ਤੇ ਸ੍ਰੀ ਅੰਮ੍ਰਿਤਸਰ ਜੀ ਵਿਚੋਂ ਖਾਲਸਾ ਦੀਵਾਨ (ਕਿ ਜਿਥੇ ਕਦੀਮ ਬੁਢੇ ਦਲ ਦੇ ਵੇਲਿਓਂ ਦੀਵਾਨ ਸੁਸ਼ੋਭਤ ਹੁੰਦਾ ਹੈ) ਉਥੋਂ ਉਲਟਾਉਣਾ ਚਾਹੁੰਣਾ ਤੇ ਲਾਹੌਰ ਵਿਚ ਖਾਲਸਾ ਦੀਵਾਨ ਬਣਾਉਣ ਵਿਚ ਕੋਸ਼ਸ਼ ਕਰਨੀ।

੩. ਸ੍ਰੀ ਮਤਿ ਬਾਬਾ ਖੇਮ ਸਿੰਘ ਜੀ ਸਾਹਿਬ ਪ੍ਰੈਜ਼ੀਡੰਟ ਖਾਲਸਾ ਦੀਵਾਨ ਨੂੰ ਖਾਲਸਾ ਦੀਵਾਨ ਵਿਚ ਤਕੀਆ ਗਦੇਲਾ ਨਾ ਵਿਛਾਉਣ ਵਾਸਤੇ ਬੇਜਾ ਪਤਾ ਕਾਰਵਾਈ ਦਾ ਪ੍ਰਾਰੰਭ ਕਰ ਦੇਣਾ।

੪. ਭਾਈ ਬਾਲੇ ਨੂੰ ਤੇ ਸੁਮੇਰ ਪਰਬਤ ਨੂੰ ਆਖਣਾ ਕਿ ਇਹ ਕਦੇ ਹੋਏ ਹੀ ਨਹੀਂ।

੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਖਯਾਤ ਗੁਰਾਂ ਦੇ ਸ੍ਵਰੂਪ ਨੂੰ ਜੜ੍ਹ ਪਦਾਰਥ ਮੰਨਣਾ ਤੇ ਜਿੰਨਾਂ ਚਿਰ ਕੋਈ ਗ੍ਰੰਥ ਸਾਹਿਬ ਦੀ ਤਾਬਿਆ ਨਾ ਬੈਠਾ ਹੋਵੇ ਓਨਾਂ ਚਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮਥਾ ਟੇਕਣ ਵਿਚ ਦੋਸ ਸਮਝਣਾ।

ਇਹ ਮਸੌਦਾ ਤਿਆਰ ਕਰ ਫਰੀਦਕੋਟ ਇਕ ਸਭਾ ਸਦੀ ਗਈ ਜਿਸ ਤੇ ਭਾਈ ਗੁਰਮੁਖ ਸਿੰਘ ਜੀ ਨੂੰ ਭੀ ਸਦਿਆ ਗਿਆ ਪਰ ਆਪ ਇਨ੍ਹਾਂ

ਸਾਰਿਆਂ ਦੇ ਖਿਆਲਾਂ ਤੋਂ ਜਾਣੂੰ ਹੁੰਦੇ ਨਾ ਗਏ। ਸੋ ਫਰੀਦਕੋਟ ਦੇ ਇਕੱਠ ਨੇ 'ਭਾਈ ਗੁਰਮੁਖ ਸਿੰਘ ਜੀ ਸੰਬੰਧੀ ਇਹ ਰਾਇ ਜ਼ਾਹਰ ਕੀਤੀ ਕਿ ਐਸੀਆਂ ਐਸੀਆਂ ਅਨੁਚਿਤ ਕਾਰਰਵਾਈਆਂ ਕਰਨ ਵਾਲਾ ਪੁਰਸ਼ ਜਦ ਤੋੜੀ ਆਪਣੀ ਭੁਲ ਨਾਂ ਬਖਸ਼ਾਵੇ ਤਦ ਤੋੜੀ ਤਅੱਲੁਕਾਤ ਸੀਗੋ ਸਿੰਘ ਸਭਾ ਅਤੇ ਖਾਲਸਾ ਦੀਵਾਨ ਸੇ ਅਲਹਿਦਾ ਰਖਣਾ ਯੋਗ ਹੈ।' ਇਸ ਹੇਠ ਰਾਜਾ ਸਾਹਿਬ ਫਰੀਦਕੋਟ, ਬਾਬਾ ਖੇਮ ਸਿੰਘ ਜੀ ਬੇਦੀ, ਬਾਬਾ ਸੁਮੇਰ ਸਿੰਘ ਜੀ, ਬਾਬਾ ਉਦੇ ਸਿੰਘ ਜੀ, ਭਾਈ ਸੰਤ ਸਿੰਘ ਜੀ ਗਿਆਨੀ ਕਪੂਰਥਲਾ (ਜੋ ਰਾਜਾ ਸਾਹਿਬ ਪਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕਰਨ ਲਈ ਰਖੇ ਗਏ ਸਨ), ਆਦਿ ਦੇ ਦਸਖਤ ਹਨ।

ਇਸ ਦੀ ਪ੍ਰੋੜ੍ਹਤਾ ਜਨਰਲ ਸਭਾ ਸ੍ਰੀ ਅੰਮ੍ਰਿਤਸਰ ਜੀ ਤੋਂ ਕਰਵਾਈ ਗਈ। ਇਸ ਹੇਠ ਸ੍ਰੀ ਦਰਬਾਰ ਸਾਹਿਬ ਜੀ ਦੇ ਪੁਜਾਰੀ, ਗ੍ਰੰਥੀ ਆਦਿ ਸਿੰਘਾਂ ਨਾਲ ਸ੍ਰਦਾਰ ਕਾਹਨ ਸਿੰਘ ਜੀ ਮਜੀਠੀਏ, ਭਾਈ ਸਰਦੂਲ ਸਿੰਘ ਜੀ ਗਿਆਨੀ ਤੇ ਡਾਕਟਰ ਚਰਨ ਸਿੰਘ ਜੀ ਆਦਿ ਸਜਣਾਂ ਦੇ ਦਸਖਤ ਸਨ।

ਇਸ ਮਤੇ ਨੂੰ ਲੈ ਖੂਬ ਜਾਲ ਵਿਛਾਇਆ ਗਿਆ, ਥਾਂ ਥਾਂ ਫਿਰ ਕੇ ਅੰਮ੍ਰਿਤਸਰ ਦੇ ਸੇਵਕਾਂ ਨੇ ਕਪੂਰਥਲਾ, ਸੰਧਵਾ ਜ਼ਿਲਾ ਜਲੰਧਰ, ਫਿਲੌਰ, ਸਾਹਕੋਟ, ਖਫ਼ਾਣੋ, ਘੜੂਆਂ ਰਿਆਸਤ ਪਟਿਆਲਾ, ਗੜੂੰਕਾ ਤਹਿਸੀਲ ਖਰੜ, ਖਰੜ, ਬਸੀ ਕੀ ਛਛਰੌਲੀ, ਮਛੌਲੀ, ਬੂੜੀਆ, ਲਧੜੋ, ਨਾਰੰਗਵਾਲ, ਜੰਡਿਆਲਾ, ਨਵਾਂ ਸ਼ਹਿਰ, ਕੀਰਤਪੁਰ, ਫੀਰੋਜ਼ਪੁਰ, ਗੁਜਰਾਂਵਾਲਾ, ਬਾਬੇ ਦੀ ਬੇਰ, ਰਾਵਲਪਿੰਡੀ, ਸੰਗਤ ਪੁਰ ਦੀਆਂ ਸਿੰਘ ਸਭਾਵਾਂ ਤੇ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਟਣਾ ਸਾਹਿਬ ਤੇ ਸ੍ਰੀਦਮਦਮਾ ਸਾਹਿਬ ਕਾਂਸ਼ੀ ਵਲੋਂ ਭਾਈ ਗੁਰਮੁਖ ਸਿੰਘ ਜੀ ਤੇ ਇਹਨਾਂ ਦੇ ਸਾਥੀਆਂ ਨੂੰ ਖਾਲਸਾ ਪੰਥ 'ਚੋਂ ਤਨਖਾਹੀਆ ਕਰਾਰ ਦੇ ਅਲਹਿਦਾ ਕੀਤਾ ਗਿਆ। ਨਮੂਨੇ ਦੇ ਤੌਰ ਤੇ ਸ੍ਰੀ ਅੰਮ੍ਰਿਤਸਰ ਜੀ ਦਾ ਹੁਕਮਨਾਮਾ ਲਿਖਦੇ ਹਾਂ:-

ਸ੍ਰੀ ਅਕਾਲ ਸਹਾਇ ਤਖਤ ਅਕਾਲ ਬੁੰਗਾ ਸਾਹਿਬ	੧ ਓ ਸਤਿਗੁਰਪ੍ਰਸਾਦਿ ॥	ਅਕਾਲ ਸਹਾਇ ਸੀ ਦਰਬਾਰ ਸਾਹਿਬ

ਹਮ ਜੁਮਲੇ ਸਿੰਘਾਨ ਪੁਜਾਰੀਆਨ ਤਖਤ ਸ੍ਰੀ ਅਕਾਲ ਬੁੰਗਾ ਜੀ ਸਾਹਿਬ ਵ ਸ੍ਰੀ ਦਰਬਾਰ ਸਾਹਿਬ ਜੀ ਵ ਬਾਬਾ ਅਟਲ ਰਾਇ ਸਾਹਿਬ ਜੀ ਵ ਝੰਡਾ ਬੁੰਗਾ ਸਾਹਿਬ ਵਾ ਸ਼ਹੀਦ ਬੁੰਗਾ ਸਾਹਿਬ ਜੀ ਨੇ ਮੁਲਾਹਜੇ ਕਾਰਰਵਾਈ ਗੁਰਮੁਖ ਸਿੰਘ ਸਕਤ੍ਰਿ ਕਾ ਕੀਆ। ਮਾਲੂਮ ਹੂਆ ਕਿ ਇਸ ਸ਼ਖਸ ਨੇ ਚੰਦ ਜਗਾ ਬਰਖਿਲਾਫ ਗੁਰ ਇਸ੍ਰ ਕੇ ਤੌਹੀਨ ਸ੍ਰੀ ਗੁਰੂ ਗ੍ਰੰਥ ਸਾਹਬ ਵ ਗੁਰ ਅੰਸ ਵ ਗੁਰਬਾਨੀ ਕੇ ਤਹਿਰੀਰ ਵ ਤਕਰੀਰ ਕੀਆ ਹੈ ਜਿਸ ਸੇ ਸਾਬਤ ਹੋਤਾ ਹੈ ਕਿ ਉਸ ਕਾ ਏਤਕਾਦ ਸਿਖੀ ਧਰਮ ਸੇ ਬਿਲਕੁਲ ਬਰਖਲਾਫ ਇਸ ਵਾਸਤੇ ਹਮ ਤਮਾਮ ਪੁਜਾਰੀਆਨ ਵ ਗ੍ਰੰਥੀਆਨ ਵ ਨੰਬਰਦਾਰਾਨ ਸ੍ਰੀ ਗੁਰਦਵਾਰੇ ਹਾਇ ਮਮਦੂਹ ਤਹਿਰੀਰ ਕਰਤੇ ਹੈਂ ਕਿ ਗੁਰਮੁਖ ਸਿੰਘ ਮਜ਼ਕੂਰ ਪੰਥ ਖਾਲਸਾ ਸੇ ਅਲਹਿਦਾ ਕੀਆ ਗਿਆ ਹੈ। ਗੁਰਦਵਾਰੇ ਹਾਇ ਮੌਸੂਫ ਮੇਂ ਉਸ ਕੀ ਅਰਦਾਸ ਨਾ ਹੋਗੀ ਵ ਬਰਤਾਉ ਨਾ ਹੋਗਾ। ਤਮਾਮ ਸਿੰਘਾਨ ਕੋ ਵਾਜਿਆ ਰਹੇ ਕਿ ਕੋਈ ਸ਼ਖਸ ਉਸ ਕਾ ਪੈਰੋਕਾਰ ਨਾ ਹੋ ਜੋ ਸ਼ਖਸ ਉਸ ਕੀ ਪੈਰਵੀ ਕਰੇਗਾ ਵੁਹ ਭੀ ਬੇ-ਮੁਖ ਔਰ ਲਾਇਕ ਤਨਖਾਹ ਪੰਥ ਕੇ ਸਮਝਾ ਜਾਇਗਾ ਔਰ ਵੈਸਾ ਹੀ ਸਲੂਕ ਉਸ ਕੇ ਸਾਥ ਭੀ ਕੀਆ ਜਾਵੇਗਾ। ਫਕਤ ਬਤਾਰੀਖ ਸਤਵੀਂ ਮਾਹ ਚੇਤ ਸੰਮਤ ੪੧੮ ਗੁਰੂ ਨਾਨਕ ਸ਼ਾਹੀ ਮੁਤਾਬਕ ੧੮ ਮਾਰਚ ਸੰਨ ੧੮੮੭ ਈਸ੍ਵੀ।

ਦਸਤਖਤ ਹਾਜ਼ਰੀਨ ਸਿੰਘਾਨ ਉਹਦੇਦਾਰਾਨ
ਵ ਗ੍ਰੰਥੀਆਨ ਵ ਪੁਜਾਰੀਆਨ

ਕੁਝ ਲੋਕ ਸਚਾਈ ਸਮਝਦੇ ਸਨ। ਸੋ ਵਿਸਾਖੀ ਦੇ ਜੋੜ ਮੇਲ ਤੇ ਸ੍ਰੀ ਅੰਮ੍ਰਿਤਸਰ ਜੀ ਵਿਚ ਖਾਲਸਾ ਦੀਵਾਨ ਲਾਹੌਰ ਵਲੋਂ ਲਾਲਾ ਬਾਂਸ਼ੀ ਰਾਮ ਦੇ ਮਕਾਨ ਤੇ ਸ੍ਰੀ ਗੁਰੂ ਸਿੰਘ ਸਭਾ ਦੇ ਵਕੀਲਾਂ ਦਾ ਜਲਸਾ ਹੋਇਆ, ਜਿਸ ਵਿਚ ਲਾਹੌਰ, ਪਟਿਆਲਾ, ਰਾਜਪੁਰਾ, ਜਾਲੰਧਰ, ਲੁਧਿਆਣਾ, ਤਰਨ-

ਤਾਰਨ, ਅੰਬਾਲਾ, ਭਿੰਡਰ ਆਦਿਕ ਸਥਾਨਾਂ ਦੀਆਂ ਉੱਨੀ ੧੯ ਸਭਾਵਾਂ ਸਨ ।

ਉਧਰ ਦੂਸਰੀ ਵਲ ਖਾਲਸਾ ਦੀਵਾਨ ਅੰਮ੍ਰਿਤਸਰ ਦਾ ਜੋੜ ਗਿਆਨੀਆਂ ਦੇ ਬੁਰਜ ਵਿਚ ਹੋਇਆ । ਪਹਿਲੇ ਦਿਨ ਗੁਦੇਲੇ ਆਦਿ ਤੇ ਖੱਪ ਪੈਂਦੀ ਰਹੀ; ਪਰ ਦੂਸਰੇ ਦਿਨ ਇਕੱਤ੍ਰਤਾ ਵਿਚ ਅੰਮ੍ਰਿਤਸਰ ਜੀ ਵਾਲਿਆਂ ਦੇ ਆਪਣੇ ਆਦਮੀ ਹੀ ਜਾ ਸਕਦੇ ਸਨ, ਦੂਸਰੇ ਨਹੀਂ । ਇਥੇ ਭੀ ਭਾਈ ਗੁਰਮੁਖ ਸਿੰਘ ਜੀ ਨੂੰ ਪੰਥਕ ਕੰਮਾਂ ਤੋਂ ਖਾਰਜ ਕੀਤਾ ਗਿਆ । ਇਸ ਦੀਵਾਨ ਵਿਚ ਰਾਵਲਪਿੰਡੀ, ਫਰੀਦਕੋਟ, ਅੰਮ੍ਰਿਤਸਰ ਦੀਆਂ ਸਿੰਘ ਸਭਾਵਾਂ ਦੇ ਪ੍ਰਤੀਨਿਧਾਂ ਤੋਂ ਬਿਨਾਂ ਕੁਝ ਬਾਹਰਲਿਆਂ ਗੁਰਦਵਾਰਿਆਂ ਤੇ ਸਿੰਘ ਸਭਾਵਾਂ ਦੇ ਉਹ ਸੇਵਕ ਜਿਨ੍ਹਾਂ ਭਾਈ ਗੁਰਮੁਖ ਸਿੰਘ ਜੀ ਵਿਰੁਧ ਮਤੇ ਪਾਸ ਕੀਤੇ ਸਨ, ਹਾਜ਼ਰ ਸਨ । ਪਹਿਲੇ ਦਿਨ ਇਕ ਬਬੇਕੀ ਸਿੰਘ ਜੀ ਵਲੋਂ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਸੇਵਕਾਂ ਸੰਬੰਧੀ ਇਕ ਅਠ ਸਫੇ ਦਾ ਪਤ੍ਰ, ਜਿਸ ਵਿਚ ਸੇਵਕਾਂ ਤੇ ੪੦ ਇਲਜ਼ਾਮ ਲਾਏ ਗਏ ਸਨ, ਵੰਡਿਆ ਗਿਆ; ਪਰ ਅਗੋਂ ਮਾਰ ਕੁਟ ਵਿਚ ਹੀ ਉਤਰ ਦਿਤਾ ਗਿਆ । ਨਮੂਨੇ ਦੇ ਤੌਰ ਤੇ ਇਲਜ਼ਾਮ ਇਹ ਸਨ:-

੨. ਖਾਲਸਾ ਦੀਵਾਨ ਦੀ ਕਾਰਰਵਾਈ ਕਮੇਟੀ ਦੇ ਹਥ ਕਿਉਂ ਨਹੀਂ ਦਿਤੀ ਜਾਂਦੀ, ਆਪੋ ਧਾਪ ਕਿਉਂ ਕੀਤੀ ਜਾਂਦੀ ਹੈ ।

੬ ਜੋ ਸ਼ਖਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਤਕੀਆ ਔਰ ਗੁਦੇਲਾ ਲਾ ਕੇ ਬੈਠੇ ਔਰ ਆਪਣੀ ਪੂਜਾ ਕਰਾਏ ਉਸ ਨੂੰ ਖਾਲਸਾ ਜੀ ਵਲੋਂ ਕੀ ਬਿਬੇਕ ਲਗਾਨਾ ਚਾਹੀਏ ।

੭. ਜੋ ਸ਼ਖਸ ਦਸੋਂ ਪਾਤਸ਼ਾਹੀਓਂ ਔਰ ਸ੍ਰੀ ਗੁਰੂ ਗ੍ਰੰਥ ਸਾਹਿਬ ਕੇ ਬਿਨਾਂ ਬਾਰਵੀਂ, ਤੇਰਵੀਂ ਵਾ ਚੌਧਵੀਂ ਪਾਦਸ਼ਾਹੀ ਮੰਨੇ ਯਾ ਲੋਕਾਂ ਪਾਸੋਂ ਅਖਾਵੇ ਉਸ ਨੂੰ ਖਾਲਸੇ ਦੀ ਤ੍ਰਫੋਂ ਕੀ ਤਨਖਾਹ ਲਗਾਨੀ ਚਾਹੀਏ ।

੯. ਖਾਲਸਾ ਦੀਵਾਨ ਵਿਚ ਹੋ ਕੇ ਜੋੜਾ ਜਨੇਊ ਪਾਵ੍ਹੇ ਉਸ ਨੂੰ ਖਾਲਸਾ ਕੀ ਬਿਬੇਕ ਲਗਾ ਸਕਦਾ ਹੈ ।

੯. ਜੋ ਸ਼ਖਸ ਦਾੜ੍ਹੀ ਨੂੰ *ਬਸਮੇਂ ਆਦਿਕ ਰੰਗ ਨਾਲ ਰੰਗੇ ਉਸ ਨੂੰ ਖਾਲਸਾ ਦੀਵਾਨ ਵਿਚੋਂ ਖਾਰਜ ਕਰਨਾ ਚਾਹੀਏ ਕਿ ਨਾ।

੧੨. ਜੋ ਸ਼ਖਸ ਕਿਸੀ ਤਖਤ ਯਾ ਗੁਰਦਵਾਰੇ ਦਾ ਮਹੰਤ ਹੋ ਕਰ ਪਥਰੋਂ ਕੇ ਸਾਮਨੇ ਟੰਨ ਟੰਨ ਪੂੰ ਪੂੰ ਕਰ ਕੇ ਪੂਜਾ ਕਰੇ ਉਸ ਨੂੰ ਖਾਲਸਾ ਪੰਥ ਮੇਂ ਸਮਝਨਾ ਚਾਹੀਏ ਯਾ ਖਾਰਜ—ਆਦਿ।

ਇਹ ਸੰਮਤ ੧੯੪੪ ਮਹੀਨਾ ਚੇਤਰ ਦੀ ੨੮ ਸੰ: ਨਾ: ੪੧੭ ਸੰ:੧੮੮੭ ਈ: ਨੂੰ ਛਪੇ ਸਨ।

ਇਸ ਜੋੜ ਮੇਲੇ ਪਿਛੋਂ ਭਾਈ ਦਿਤ ਸਿੰਘ ਜੀ, ਜੋ ਹੁਣ ਖਾਲਸਾ ਅਖਬਾਰ ਲਾਹੌਰ ਦੇ ਐਡੀਟਰ ਭੀ ਸਨ, ਨੇ ਖਾਲਸਾ ਅਖਬਾਰ ਦੇ ਚਾਰ ਸਫ਼ੇ ਦਾ ਜ਼ਮੀਮਾ ੧੬ ਅਪਰੈਲ ੧੮੮੭ ਨੂੰ ਛਾਪਿਆ। ਇਸ ਵਿਚ ਸੁਪਨ ਨਾਟਕ ਦਾ ਕੁਝ ਹਿੱਸਾ ਸੀ। ਰਾਜਾ ਸਾਹਿਬ ਫਰੀਦਕੋਟ ਤੇ ਬਾਵਾ ਖੇਮ ਸਿੰਘ ਜੀ ਬੇਦੀ ਨੇ ਆਪਣੇ ਤੇ ਇਹ ਹਮਲਾ ਸਮਝਿਆ ਤੇ ਗਿਆਨੀ ਜੀ ਤੇ ਮੁਕੱਦਮਾ ਕਰਨ ਦੀ ਸਲਾਹ ਹੋਈ। ਗਿਆਨੀ ਜੀ ਨੂੰ ਪਤਾ ਲਗਾ ਤਾਂ ਆਪ ਨੇ ਕਈ ਵੇਰ ਖਾਲਸਾ ਅਖਬਾਰ ਵਿਚ ਤਰਦੀਦ ਕਰਦੇ ਲਿਖਿਆ ਕਿ 'ਇਸ ਨਾਟਕ ਵਿਚ ਹੰਕਾਰ ਅਤੇ ਦੰਭ ਦੀ ਸਤਿ ਔਰ ਸੁਹਿਰਦ ਦੀ ਕਲਪਤ ਲੜਾਈ ਦਾ ਕਥਨ ਹੈ, ਜਿਸ ਪ੍ਰਕਾਰ ਪ੍ਰਬੋਧ ਚੰਦਰ ਨਾਟਿਕ ਵਿਚ ਮੋਹ ਤੇ ਬਿਬੇਕੀ ਦੀ ਲੜਾਈ ਕਲਪੀ ਹੈ.........ਸਾਡਾ ਕਿਸੀ ਸਾਹਿਬ ਪਰ ਲਿਖਣ ਦਾ ਕੋਈ ਅਰਥ ਨਹੀਂ ਆਦਿ।'

ਪਰ ਸ੍ਵਾਰਥੀ ਲੋਗਾਂ ਨੂੰ ਲੜਾਈ ਵੇਖਣ ਦਾ ਸ਼ੌਕ ਹੁੰਦਾ ਹੈ। ਸੋ ਬਾਵਾ ਉਦਯ ਸਿੰਘ ਜੀ ਵਲੋਂ, ਜੋ ਰਿਆਸਤ ਫਰੀਦਕੋਟ ਵਿਚ ਨੌਕਰ ਸਨ, ਗਿਆਨੀ ਦਿਤ ਸਿੰਘ ਜੀ ਤੇ ਮੁਕੱਦਮਾ ਕੀਤਾ ਗਿਆ। ਬਾਵਾ ਜੀ ਨੂੰ ਖਰਚ ਰਾਜਾ ਸਾਹਿਬ ਫਰੀਦਕੋਟ ਤੇ ਬਾਵਾ ਖੇਮ ਸਿੰਘ ਜੀ ਵਲੋਂ ਮਿਲਦਾ ਸੀ; ਪਰ ਗਿਆਨੀ ਜੀ ਨੂੰ ਬਚਾਉਣ ਲਈ ਭੀ ਸਰ ਸ੍ਰ: ਅਤਰ ਸਿੰਘ ਜੀ ਭਦੌੜ ਤੇ ਸ੍ਰ: ਬਿਕ੍ਰਮਾ ਸਿੰਘ ਜੀ ਜਾਲੰਧਰ ਵਾਲੇ ਸਨ। ਆਖਰ ਲੋਅਰ ਕੋਰਟ ਨੇ ਗਿਆਨੀ ਜੀ ਨੂੰ ੫੧) ਰੁਪਏ ਜੁਰਮਾਨਾ ਕੀਤਾ ਜੋ ਸੈਸ਼ਨ ਵਿਚ ਅਪੀਲ ਕਰਨ ਤੇ ਬਰੀ ਹੋ ਗਏ; ਪਰ ਝਗੜੇ ਵਿਚ ਦੋਨਾਂਪਾਸਿਆਂ ਦਾ

ਵਿਰੋਧ ਵਧਿਆ ਤੇ ਕੀਮਤੀ ਸਮਾਂ ਤੇ ਰੁਪਿਆ ਆਪਸ ਦੇ ਝਗੜਿਆਂ ਤੇ ਕਾਫੀ ਲਗਾ।

ਇਸ ਤਰ੍ਹਾਂ ਕਈ ਵਾਰ ਕਰਨ ਤੇ ਭੀ ਖਾਲਸਾ ਦੀਵਾਨ ਲਾਹੌਰ ਦੇ ਮੋਢੀ ਖਾਲਸਾ ਕੌਮ ਦੀ ਸੇਵਾ ਕਰਨੋਂ ਨਾ ਰੁਕੇ। ਪਹਿਲੇ ਸਾਲ ਦੇ ਅੰਤ 'ਖਾਲਸਾ ਅਖਬਾਰ' ਆਪਣੇ ਕੰਮਾਂ ਨੂੰ ਇਸ ਤਰ੍ਹਾਂ ਦਸਦਾ ਹੈ:-

੧. ਖਾਲਸਾ ਕੌਮ ਦੇ ਪੋਪਾਂ ਨੂੰ ਡਰ ਅਤੇ ਦਸਮ ਗੁਰੂ ਜੀ ਦੇ ਸਿੰਘਾਂ ਨੂੰ ਹੁਲਾਸ ਅਤੇ ਦ੍ਰਿੜਤਾ ਪ੍ਰਾਪਤ ਹੋ ਗਈ ਹੈ, ਜਿਸ ਪ੍ਰਕਾਰ ਦਹੀਂ ਜੰਮੇ ਹੋਏ ਨੂੰ ਮਧਾਣੀ ਪਾਣੀ ਰਿੜਕਨੇ ਤੇ ਮਖਣ ਅਤੇ ਸ਼ਾਹ ਅਡ ਹੋ ਜਾਂਦੇ ਹਨ, ਇਸੀ ਪ੍ਰਕਾਰ ਖੁਦ-ਗਰਜ਼ ਅਤੇ ਗੁਰੂ ਦੇ ਸਿੰਘ ਭੀ ਨਿਤ੍ਰਦੇ ਜਾਂਦੇ ਹਨ ਆਦਿ।

੨. ਜਨਮ ਸੰਸਕਾਰ ਖਾਲਸਾ ਧਰਮਾਨੁਸਾਰ ਹੋਣ ਲਗ ਪਏ।

੩. ਪੰਜ ਬਿਵਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਰਥਾਤ ਖਾਲਸਾ ਧਰਮਾਨੁਸਾਰ ਹੋਏ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਦਿਨੋਂ ਦਿਨ ਪ੍ਰੀਤੀ ਵਧਦੀ ਰਹੀ ਹੈ। ਕੌਮੀ ਮੁਬਤ ਹਰ ਇਕ ਸਿੰਘ ਦੇ ਦਿਲ ਵਿਚ ਉਤਪਤ ਹੋ ਗਈ ਹੈ।

੫. ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨੀ ਦਰਵਾਜ਼ੇ ਪਰ ਮੂਰਤੀਆਂ ਦਾ ਲਗਣਾ ਇਸ ਪੱਤ੍ਰ ਦੀ ਪ੍ਰਾਰਥਨਾ ਨੇ ਹਟਾਇਆ ਹੈ ਅਰ ਜੋ ਬੁਤ ਪ੍ਰਸਤੀ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਹੁੰਦੀ ਸੀ, ਉਹ ਭੀ ਇਸ ਪੱਤ੍ਰ ਦੀ ਪ੍ਰਾਰਥਨਾਂ ਤੇ ਘਟ ਗਈ ਹੈ।

੬. ਸਭ ਤੋਂ ਵਧ ਕਰ ਕੇ ਇਸ ਨੇ ਇਹ ਕੰਮ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਜੋ ਗੁਦੈਲਾ ਬਿਛਾਇਆ ਜਾਂਦਾ ਸੀ ਉਹ ਇਸ ਦੇ ਉਪਦੇਸ਼ਾਂ ਤੇ ਉਠਾ ਦਿਤਾ ਗਿਆ ਹੈ, ਆਦਿ।

ਦੋਵੇਂ ਦੀਵਾਨਾਂ ਦੇ ਵਿਸਾਖੀ ਤੇ ਦੀਵਾਲੀ ਤੇ ਜੋੜਮੇਲ ਹੁੰਦੇ ਰਹੇ। ਕਈ ਸਭਾਵਾਂ ਦੇ ਸਜਣ ਜਿਨਾਂ ਪ੍ਰੋਫੈਸਰ ਗੁਰਮੁਖ ਸਿੰਘ ਜੀ ਨੂੰ ਛੇਕਿਆ ਸੀ ਅਸਲੀਅਤ ਜਾਣ ਕਰ ਕੇ ਏਧਰ ਆਉਣੇ ਸ਼ੁਰੂ ਹੋ ਗਏ, ਜਿਹਾ ਕਿ

ਦੀਵਾਲੀ ੧੮੯੭ ਦੇ ਜੋੜ ਮੇਲ ਤੋਂ ਪਤਾ ਲਗਦਾ ਹੈ ਕਿ ਰਾਜਪੁਰਾ, ਖੰਨਾ, ਦਾਊਦਪੁਰ, ਸੁਲੋਦੀ, ਚਮਕੌਰ ਸਾਹਿਬ, ਰੋਪੜ, ਫ਼ੀਰੋਜ਼ਪੁਰ, ਮੋਦੇ, ਸਿਆਲਕੋਟ, ਭਿੰਡਰ ਆਦਿ ਕਈ ਸਿੰਘ ਸਭਾਵਾਂ ਨੇ ਇਸ ਦੀਵਾਨ ਵਿਚ ਛਿਮਾਹੀ ਰਪੋਟਾਂ ਸੁਣਾਈਆਂ।

ਇਸ ਤਰ੍ਹਾਂ ਜੋੜ ਮੇਲ ਕਰ ਕੇ ਤੇ ਬਾਹਰ ਫਿਰ ਫਿਰ ਕੇ ਪਰਚਾਰ ਕਰਨ ਨਾਲ ਸਿਖ ਕੌਮ ਨੂੰ ਜਾਗਰਤਾ ਆਈ ਤੇ ਖਾਲਸਾ ਦੀਵਾਨ ਚੜ੍ਹਦੀਆਂ ਕਲਾਂ ਵਿਚ ਹੀ ਗਇਆ।

'ਖਾਲਸਾ ਦੀਵਾਨ ਲਾਹੌਰ' ਦੇ ਕਾਰਕੁਨ ਹੇਠ ਲਿਖੇ ਸਜਣ ਹੀ ਰਹੇ ਹਨ ਤੇ ੧ ਜਨਵਰੀ ੧੮੯੨ ਨੂੰ ਹੇਠ ਲਿਖੀਆਂ ਸੇਵਾ ਤੇ ਹਨ।

ਪ੍ਰੈਜੀਡੰਟ—ਸਰਦਾਰ ਅਤਰ ਸਿੰਘ ਜੀ ਰਈਸ ਭਦੌੜ।
ਨੈਬ ਪ੍ਰੈਜੀਡੰਟ—੧. ਸਰਦਾਰ ਧਰਮ ਸਿੰਘ ਜੀ ਰਈਸ ਘਰਜਾਖ।
੨. ਸ੍ਰ: ਗੁਰਦਿਤ ਸਿੰਘ ਜੀ ਆਨ:ਮੈਜਿਸਟ੍ਰੇਟ ਅੰਮ੍ਰਿਤਸਰ।
੩. ਭਾਈ ਗੁਰਦਿਤ ਸਿੰਘ ਜੀ ਰਈਸ ਲਾਹੌਰ।
ਚੀਫ ਸਕੱਤ੍ਰ—ਭਾਈ ਗੁਰਮੁਖ ਸਿੰਘ ਜੀ ਪ੍ਰੋ: ਓਰੀਅੰਟਲ ਕਾਲਜ ਲਾਹੌਰ।
ਜਾਇੰਟ ਸਕੱਤ੍ਰ—ਭਾਈ ਮਈਆ ਸਿੰਘ ਜੀ ਪੰਜਾਬ ਬੁਕ ਡਿਪੋ।
ਅਸਿਸਟੈਂਟ ਸਕੱਤ੍ਰ—ਭਾਈ ਬਿਸ਼ਨ ਸਿੰਘ ਜੀ।
ਭਾਈ ਤੇਜਾ ਸਿੰਘ ਜੀ ਦਫ਼ਤਰ ਅਕਾਉਟੈਂਟ ਜਨਰਲ।
ਖਜ਼ਾਨਚੀ—ਭਾਈ ਨਿਕਾ ਸਿੰਘ ਜੀ ਦਫ਼ਤ੍ਰ ਸਿਵਲ ਮਿਲਟਰੀ ਲਾਹੌਰ।
ਜ਼ੁੰਮੇਵਾਰ ਰੁਪਜਾ—ਸਰਦਾਰ ਪਰਤਾਪ ਸਿੰਘ ਜੀ ਦੀਵਾਨ ਪਟਿਆਲਾ।
ਸਰਦਾਰ ਪਰਤਾਪ ਸਿੰਘ ਜੀ ਵਜ਼ੀਰ ਨਾਭਾ।
ਸਰਦਾਰ ਗੁਰਦਿਤ ਸਿੰਘ ਜੀ ਅੰਮ੍ਰਿਤਸਰ ਤੇ ਲਾਹੌਰ ਵਾਲੇ।
ਭਾਈ ਜਵਾਹਰ ਸਿੰਘ ਜੀ ਕਪੂਰ।

ਪਰ ਖਾਲਸਾ ਕਮੇਟੀ (ਕਾਰ ਸਾਧਕ ਕਮੇਟੀ) ਦੇ ਪ੍ਰਧਾਨ ਸਰਦਾਰ ਧਰਮ ਸਿੰਘ ਜੀ ਘਰਜਾਖ ਸਨ ਤੇ ਸਹਾਇਕਾਂ ਵਿਚ ਬਾਬੂ ਚੰਦਾ ਸਿੰਘ ਜੀ ਵਕੀਲ ਫੀਰੋਜ਼ਪੁਰ ਤੇ ਗਿਆਨੀ ਦਿਤ ਸਿੰਘ ਜੀ ਆਦਿ ਭੀ ਸਨ।

ਸਾਰਿਆਂ ਸੇਵਕਾਂ ਨੇ ਥਾਂ ਥਾਂ ਫਿਰ ਕੇ ਸਿੰਘ ਸਭਾਵਾਂ ਕਾਇਮ

ਕੀਤੀਆਂ ਤੇ ਹਿੰਦੂਆਂ ਨਾਲ ਮਿਲਰੋਂਭਾ ਹੋਏ ਸਿਖ ਧਰਮ ਨੂੰ ਅਡ ਕਰ ਕੁਰੀਤੀਆਂ ਦੂਰ ਕਰਨ ਵਿਚ ਜੋ ਹਿੰਮਤ ਕੀਤੀ ਉਸ ਦਾ ਖਾਲਸਾ ਪੰਥ ਹਮੇਸ਼ਾਂ ਲਈ ਇਹਨਾਂ ਸਜਣਾਂ ਦਾ ਰਿਣੀ ਹੈ। ਇਸ ਕੰਮ ਦੀ ਸਹਾਇਤਾ ਲਈ ਖਾਲਸਾ ਅਖਬਾਰ ਗੁਰਮੁਖੀ ੧੩ ਜੂਨ ੧੮੮੬ ਨੂੰ ਜਾਰੀ ਕੀਤਾ ਗਿਆ ਸੀ, ਇਸ ਦੀ ਸੇਵਾ ਤੇ ਔਕੜਾਂ ਦਾ ਥੋੜਾ ਜਿਹਾ ਹਾਲ ਦਸਿਆ ਜਾ ਚੁਕਾ ਹੈ, ਕਰੜੇ ਹਲਿਆਂ ਨਾਲ ਇਹ ਕੁਝ ਸਮੇਂ ਲਈ ਬੰਦ ਭੀ ਹੋ ਗਿਆ ਸੀ, ਜੋ ਫਿਰ ੧ ਮਈ ੧੮੯੩ ਨੂੰ ਪ੍ਰਕਾਸ਼ਤ ਹੋਣਾ ਸ਼ੁਰੂ ਹੋ ਸੇਵਾ ਦੇ ਮੈਦਾਨ ਵਿਚ ਆ ਗਿਆ ਸੀ।

ਖਾਲਸਾ ਪ੍ਰੈਸ ਲਾਹੌਰ ਜੋ ਭਾਈ ਗੁਰਮੁਖ ਸਿੰਘ ਜੀ ਦੀ ਹਿੰਮਤ ਨਾਲ ਖਾਲਸਾ ਦੀਵਾਨ ਬਨਣ ਤੋਂ ਪਹਿਲੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵਲੋਂ ਸਿਖ ਰਈਸਾਂ ਦੀ ਹਿੰਮਤ ਨਾਲ ਕਾਇਮ ਸੀ, ਖਾਲਸਾ ਦੀਵਾਨ ਲਾਹੌਰ ਨੂੰ ਦਿਤਾ ਗਿਆ ਸੀ ਤੇ ਇਸੇ ਵਿਚ ਹੀ ਸਿਖ ਅਖਬਾਰ ਤੇ ਹੋਰ ਸਿਖ ਧਰਮ ਸੰਬੰਧੀ ਲਿਟਰੇਚਰ ਛਪਦਾ ਰਿਹਾ ਹੈ। ਇਹ ਭੀ ਕਈ ਔਕੜਾਂ ਕਰ ਕੇ ਬੰਦ ਹੋ ਗਿਆ ਸੀ, ਪਰ ਸੇਵਕਾਂ ਦੀ ਹਿੰਮਤ ਨਾਲ ਮੁੜ ਮਈ ੧੮੯੫ ਵਿਚ ਸ਼ੁਰੂ ਹੋ ਗਿਆ ਸੀ ਤੇ ਖਾਲਸਾ ਅਖਬਾਰ ਸਣੇ ਖਾਲਸਾ ਦੀਵਾਨ ਲਾਹੌਰ ਦੇ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਬਨਣ ਤਕ ਤੇ ਕੁਝ ਚਿਰ ਪਿਛੋਂ ਭੀ ਸੇਵਾ ਕਰਦਾ ਰਿਹਾ ਹੈ।

ਖਾਲਸਾ ਪ੍ਰੈਸ ਦੇ ਖੜਾ ਕਰਨ ਅਤੇ ਜਾਰੀ ਰਖਣ ਦੇ ਜ਼ਰੂਰੀ ਸਾਮਾਨ ਲਈ ਭੀ ਇਕ ਕਮੇਟੀ ਸੀ, ਜਿਸ ਦੇ ੧੮੯੨ ਵਿਚ ੧੫ ਮੈਂਬਰ ਸਰਦਾਰ ਅਤਰ ਸਿੰਘ ਜੀ ਭਦੌੜ ਦੀ ਪਰਧਾਨਗੀ ਹੇਠ ਸਨ। ਸਕੱਤ੍ਰ ਸ੍ਰ: ਗੁਰਮੁਖ ਸਿੰਘ ਜੀ ਤੇ ਸਟੌਕ ਭਾਈ ਸਾਧੂ ਸਿੰਘ ਜੀ ਅਫਸਰ ਮਹਿਕਮਾ ਜੰਗਲਾਤ, ਭਾਈ ਜਵਾਹਰ ਸਿੰਘ ਜੀ ਅੰਮ੍ਰਿਤਸਰ, ਭਾਈ ਨਿਕਾ ਸਿੰਘ ਜੀ, ਭਾਈ ਪ੍ਰਤਾਪ ਸਿੰਘ ਜੀ ਤੇ ਭਾਈ ਦਿਤ ਸਿੰਘ ਜੀ ਲਾਹੌਰ, ਸ: ਈਸ਼ਰ ਸਿੰਘ ਜੀ ਗੁਜਰਾਂਵਾਲਾ, ਬਾਬੂ ਚੰਦਾ ਸਿੰਘ ਜੀ ਵਕੀਲ ਤੇ ਬਾਵਾ ਚਤਰ ਸਿੰਘ ਜੀ ਫੀਰੋਜ਼ਪੁਰ, ਸ੍ਰ: ਹਰਨਾਮ ਸਿੰਘ ਜੀ ਘਰਜਾਖ, ਸ੍ਰ: ਜਵਾਹਰ ਸਿੰਘ ਜੀ ਅੰਬਾਲਾ ਛਾਵਣੀ ਤੇ ਸ੍ਰ: ਬਸੰਤ ਸਿੰਘ ਜੀ ਸੰਗਰੂਰ

ਸਨ। ਇਨ੍ਹਾਂ ਤੋਂ ਬਿਨਾਂ ਗੁਰਮੁਖੀ ਅਤੇ ਹਿੰਦੀ ਦੀ ਛਪਵਾਈ ਵਾਸਤੇ ਮਹੰਤ (ਸ੍ਰ: ਬ:) ਕਾਹਣ ਸਿੰਘ ਜੀ ਅਤਾਲੀਕ ਸ੍ਰੀ ਟਿਕਾ ਜੀ ਨਾਭਾ, ਦੀਵਾਨ ਗੁਰਮੁਖ ਸਿੰਘ ਜੀ ਪਟਿਆਲਾ ਤੇ ਭਾਈ ਪ੍ਰੇਮ ਸਿੰਘ ਜੀ ਸਿਆਲਕੋਟ ਸਲਾਹਕਾਰ ਸਨ।

ਅੰਗਰੇਜ਼ੀ ਵਿਦਿਆ ਸੰਬੰਧੀ ਅਤੇ ਦਸਤਕਾਰੀ ਚੀਜ਼ਾਂ ਦੇ ਛਪਣ ਵਿਚ ਜੇ. ਕੈਂਬਲ ਔਮਨ ਪ੍ਰੋ: ਸਾਇੰਸ ਗੁਰਨਮਿੰਟ ਕਾਲਜ ਲਾਹੌਰ ਤੇ ਸੋਢੀ ਸੁਜਾਨ ਸਿੰਘ ਜੀ ਪਟਿਆਲਾ ਦੀ ਸਲਾਹ ਲਈ ਜਾਂਦੀ ਸੀ। ਖਾਲਸਾ ਧਰਮ ਪੁਸਤਕਾਂ ਦਾ ਅੰਗਰੇਜ਼ੀ ਵਿਚ ਤਰਜਮਾ ਕਰਨ ਵਿਚ ਸਲਾਹਕਾਰ ਅਤੇ ਮੁਹਾਸਬ ਐਮ. ਮਕਾਲਫ਼ ਸਾਹਿਬ ਡਵੀਜਨ ਸਬ-ਜਜ ਸਨ।

ਇਸ ਤਰਾਂ ਕਮੇਟੀਆਂ ਦੇ ਉਦਮ ਨਾਲ ਸਿਖ ਧਰਮ ਵਧਾਉਣ ਤੇ ਅਨਮਤੀਆਂ ਦੇ ਹਮਲਿਆਂ ਤੋਂ ਰੋਕਣ ਲਈ ਕਈ ਪੁਸਤਕਾਂ ਪ੍ਰਕਾਸ਼ਤ ਹੋਈਆਂ ਜਿਨ੍ਹਾਂ ਦੇ ਮੋਹਰੀ ਲੇਖਕਾਂ ਚੋਂ ਭਾਈ ਦਿਤ ਸਿੰਘ ਜੀ, ਭਾਈ ਗੁਰਮੁਖ ਸਿੰਘ ਜੀ, ਮਿ: ਮਕਾਲਫ ਸਾਹਿਬ ਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਸਨ।

ਦੋ ਹੋਰ ਵਡੇ ਉਪਕਾਰ ਜੋ ਇਸ ਦੀਵਾਨ ਵਲੋਂ ਹੋਏ ਉਹ ਮਕਾਲਿਫ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਦਾ ਤਰਜਮਾ ਤੇ ਸਤਿਗੁਰਾਂ ਦੇ ਜੀਵਨ ਅੰਗ੍ਰੇਜ਼ੀ ਵਿਚ ਲਿਖਣ ਲਈ ਉਤਸ਼ਾਹਤ ਕਰ ਉਸ ਦੇ ਜੀਵਨ ਦਾ ਪਿਛਲਾ ਸਮਾਂ ਇਸ ਵਲ ਲਵਾ ਇਹ ਕੰਮ ਖਤਮ ਕਰਵਾਉਣਾ ਸੀ। ਦੂਸਰਾ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਜੀ ਦਾ ਬਣਵਾਉਣਾ ਇਹਨਾਂ ਦੋਨਾਂ ਸੰਬੰਧੀ ਇਥੇ ਲਿਖਣਾ ਜ਼ਰੂਰੀ ਸਮਝਦੇ ਹੋਏ ਸੰਛੇਪ ਹਾਲ ਲਿਖਦਾ ਹਾਂ:–

ਮਕਾਲਿਫ ਸਾਹਿਬ ਦਾ ਇਤਿਹਾਸ:–

ਮਕਾਲਿਫ ਸਾਹਿਬ (Mr. M. A. Macauliffe) ਦਾ ਜਨਮ ੨੯ ਸਤੰਬਰ ੧੮੩੭ ਨੂੰ ਆਇਰਲੈਂਡ ਵਿਖੇ ਹੋਇਆ। ਵਿਦਿਆ ਪ੍ਰਾਪਤ ਕਰ ਕੇ ੧੮੬੪ ਵਿਚ ਪੰਜਾਬ ਵਿਚ ਸਰਕਾਰੀ ਨੌਕਰੀ ਤੇ ਆਇ।

੧੮੮੨ ਵਿਚ ਡਿਪਟੀ ਕਮਿਸ਼ਨਰ ਤੇ ਦੋ ਸਾਲ ਪਿਛੋਂ ਡਵੀਜਨਲ ਜਜ ਹੋਏ। ਇਸ ਸਮੇਂ ਭਾਈ ਗੁਰਮੁਖ ਸਿੰਘ ਜੀ ਦੀ ਸੰਗਤ ਤੋਂ ਆਪ ਨੂੰ ਸਿਖ ਧਰਮ ਸੰਬੰਧੀ ਪ੍ਰੇਮ ਜਾਗਿਆ । ੧੮੮੩ ਵਿਚ ਮਕਾਲਿਫ ਸਾਹਿਬ ਨੇ ਮਹਾਰਾਜਾ ਹੀਰਾ ਸਿੰਘ ਜੀ ਨਾਭਾ ਕੋਲ ਬੇਨਤੀ ਕਰ ਕੇ ਭਾਈ ਕਾਨ੍ਹ ਸਿੰਘ ਜੀ ਨਾਭਾ ਦੀ ਦੋ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਨ ਲਈ ਸ਼ਗਿਰਦ ਕੀਤੀ ਤੇ ਫੇਰ ਭੀ ਕਈ ਵੇਰ ਆਪਸ ਵਿਚ ਮਿਲਦੇ ਰਹੇ । ੧੮੮੫ ਵਿਚ ਖੋਜ ਕਰਦਿਆਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪੁਰਾਤਨ ਜਨਮ ਸਾਖੀ ਲਭੀ ਛਪਵਾਈ ਗਈ ਜੋ ਇਕ ਅਮੋਲ ਵਸਤੂ ਹੈ ਤੇ ਅਜ ਕਲ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਲੋਂ ਪੁਰਾਤਨ ਜਨਮ ਸਾਖੀ ਦੇ ਨਾਉਂ ਹੇਠ ਛਪੀ ਹਈ ਹੈ। ੧੮੯੩ ਵਿਚ ਖਾਲਸਾ ਦੀਵਾਨ ਲਾਹੌਰ ਵਲੋਂ ਮਾਲੀ ਮਦਦ ਲਈ ਪੂਰਾ ਭਰੋਸਾ ਦਿਵਾਉਣ ਤੇ ਮਕਾਲਿਫ ਸਾਹਿਬ ਨੇ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਕੇ ਆਪਣਾ ਸਾਰਾ ਸਮਾਂ ਗੁਰਮਤ ਸੰਬੰਧੀ ਗ੍ਰੰਥਾਂ ਦੇ ਅਭਯਾਸ ਕਰਨ ਵਿਚ ਅਰੰਭਿਆ ਤੇ ਸਾਲਾਂ ਦੀ ਮਿਹਨਤ ਬਾਦ 'ਸਿਖ ਰਿਲੀਜਨ' ਨਾਮੀ ਅੰਗ੍ਰੇਜ਼ੀ ਪੁਸਤਕ ਛੇ ਭਾਗਾਂ ਵਿਚ ਤਿਆਰ ਕੀਤਾ। ਇਸ ਮਹਾਨ ਕਾਰਜ ਵਿਚ ਭਾਈ ਦਿਤ ਸਿੰਘ ਜੀ, ਭਾਈ ਹਜ਼ਾਰਾ ਸਿੰਘ ਜੀ, ਗਿਆਨੀ ਸਰਦੂਲ ਸਿੰਘ ਜੀ ਤੇ ਭਾਈ ਸੰਤ ਸਿੰਘ ਜੀ ਦੀ ਖਾਸ ਮਦਦ ਲਈ ਗਈ ; ਪਰ ਸਿਖਾਂ ਤੇ ਸਰਕਾਰ ਵਲੋਂ ਪੂਰੀ ਪੂਰੀ ਸਹਾਇਤਾ ਤੇ ਮਾਨ ਨਾ ਹੋਇਆ। ੧੫ ਮਾਰਚ ੧੯੧੩ ਨੂੰ ਮਕਾਲਿਫ ਸਾਹਿਬ ਦਾ ਦਿਹਾਂਤ ਹੋਇਆ।

ਖਾਲਸਾ ਕਾਲਜ ਅੰਮ੍ਰਿਤਸਰ—ਖਾਲਸਾ ਦੀਵਾਨ ਅੰਮ੍ਰਿਤਸਰ ਬਣਨ ਤੇ ਹੀ ਖਾਲਸਾ ਕਾਲਜ ਬਣਾਉਣ ਲਈ ਸ੍ਰੀ ਅੰਮ੍ਰਿਤਸਰ ਜੀ ਵਿਚ ਲਾਲਾ ਸੰਤ ਰਾਮ ਦੀ ਕੋਠੀ ਵਿਖੇ ਸਰਦਾਰਾਂ ਦੀ ਇਕ ਕਮੇਟੀ ਸੰਮਤ ਨਾਨਕ ਸ਼ਾਹੀ ੪੧੪ ਹਾੜ ਪ੍ਰਵਿਸ਼ਟੇ ੫ ਨੂੰ ਹੋਈ। ਤਜਵੀਜ਼ ਹੋਈ ਕਿ ਖਾਲਸਾ ਕਾਲਜ ਦਾ ਕਾਇਮ ਹੋਣਾ ਜ਼ਰੂਰੀ ਹੈ, ਪਰ ਜਦ ਤੀਕਰ ਰਿਆਸਤਾਂ ਦੀ ਤਰਫੋਂ ਮਦਦ ਨਾ ਲਈ ਜਾਵੇ ਤਦ ਤੋੜੀ ਐਸੇ ਬੜੇ ਭਾਰੀ ਕੰਮ ਦਾ ਪੂਰਾ ਹੋਣਾ ਮੁਸ਼ਕਲ ਹੈ। ਉਸ ਵਕਤ ਰਿਆਸਤਾਂ ਵਿਚ ਭੇਜਣ

ਵਾਸਤੇ ਤਿੰਨ ਚਾਰ ਸਿੰਘ ਮੁਕੱਰਰ ਹੋਏ । ਕੁਝ ਅਰਸੇ ਬਾਦ ਲਾਹੌਰ ਵਿਚ ਫੇਰ ਦੂਸਰੀ ਵੇਰ ਰਈਸਾਂ ਦੀ ਇਕ ਕਮੇਟੀ ਲਾਰੰਸ ਹਾਲ ਵਿਚ ਹੋਈ । ਇਸ ਵਿਚ ਬਾਬਾ ਖੇਮ ਸਿੰਘ ਜੀ ਬੇਦੀ, ਸ੍ਰਦਾਰ ਬਿਕ੍ਰਮਾ ਸਿੰਘ ਜੀ ਜਾਲੰਧਰ, ਸ੍ਰਦਾਰ ਮਾਨ ਸਿੰਘ ਜੀ ਸਰਬਰਾਹ, ਸ੍ਰਦਾਰ ਮੀਹਾਂ ਸਿੰਘ ਜੀ ਰਈਸ ਲਾਹੌਰ, ਸ੍ਰਦਾਰ ਭਗਵੰਤ ਸਿੰਘ ਜੀ ਭਦੌੜ, ਸ੍ਰਦਾਰ ਸੁਜਾਨ ਸਿੰਘ ਜੀ ਰਈਸ ਰਾਵਲਪਿੰਡੀ ਆਦਿ ਸਾਰਿਆਂ ਸਰਦਾਰਾਂ ਦੀ ਸਲਾਹ ਨਾਲ ਲਾਟ ਸਾਹਿਬ ਨੂੰ ਐਡਰੈਸ ਪੇਸ਼ ਕਰ ਕੇ ਕਾਲਜ ਕਾਇਮੀ ਲਈ ਬੇਨਤੀ ਕੀਤੀ ਗਈ, ਇਸ ਤਰ੍ਹਾਂ ਸਰਕਾਰ ਦੀ ਮਦਦ ਭੀ ਲਈ ਗਈ ।

ਪਰ ਆਪਸ ਦੀ ਲੜਾਈ ਨੇ ਇਹ ਕੰਮ ਖਟੇ ਪਾ ਦਿਤਾ ਤੇ ੧੮੮੦ ਵਿਚ ਖਾਲਸਾ ਦੀਵਾਨ ਲਾਹੌਰ ਵਲੋਂ ਮਢਲੀ ਖਾਲਸਾ ਕਾਲਜ ਅਸਥਾਪਨ ਕਮੇਟੀ ਬਣੀ। ੨੨ ਫਰਵਰੀ ੧੮੯੦ ਨੂੰ ਇਸ ਕਮੇਟੀ ਦੀ ਪਹਿਲੀ ਇਕੱਤ੍ਰਤਾ ਹੋਈ ਜਿਸ ਵਿਚ ਕਈ ਅੰਗਰੇਜ਼ਾਂ ਦੇ ਨਾਲ ਸਿਖ ਰਈਸ ਭੀ ਰਲਾ ਕੇ ੧੨੧ ਸਜਣ ਸਨ । ਇਸ ਦੇ ਪ੍ਰੈਜ਼ੀਡੰਟ Col W.R.M Holroyd, Director, Public Instruction Punjab ਤੇ ਫੇਰ ਵਲੈਤ ਜਾਵਣ ਤੇ ੧੫.੧੧.੧੮੯੧ ਤੋਂ ਡਾ: W. H. ਰਾਟੀਗਨ ਬੈਰਿਸਟਰ ਲਾਹੌਰ, ਸ੍ਰਦਾਰ ਅਤਰ ਸਿੰਘ ਜੀ ਭਦੌੜ ਵਾਈਸ ਪ੍ਰੈਜ਼ੀਡੰਟ ਤੇ ਸਕੱਤ੍ਰ ਡਬਲਯੂ ਬੈਲ ਪ੍ਰੋ: ਗਵਰਨਮੈਂਟ ਕਾਲਜ ਲਾਹੌਰ ਸਨ । ਇਸ ਤਰ੍ਹਾਂ ਸਿਖ ਰਿਆਸਤਾਂ ਤੇ ਸਰਕਾਰ ਦੀ ਮਦਦ ਨਾਲ ਹਮਲਾ ਮਾਰ ਕੇ ਸਫਲਤਾ ਪ੍ਰਾਪਤ ਕੀਤੀ ਗਈ ਪਰ ਇਸ ਕਮੇਟੀ ਦੀ ਸਫਲਤਾ ਹੋਣ ਤੇ ਫੇਰ ਇਹ ਥਾਂ ਥਾਂ ਝਗੜਾ ਸ਼ੁਰੂ ਹੋ ਗਿਆ ਕਿ ਖਾਲਸਾ ਕਾਲਜ ਅੰਮ੍ਰਿਤਸਰ ਬਣੇ ਜਾਂ ਲਾਹੌਰ, ਜੋ ਬਹੁਤ ਕਲੇਸ਼ਾਂ ਨਾਲ ਫੈਸਲਾ ਹੋਇਆ ਕਿ ਸ੍ਰੀ ਅੰਮ੍ਰਿਤਸਰ ਬਣੇ । ਸ੍ਰਕਾਰ ਨੇ ਰਾਮਬਾਗ ਦੇ ਨਾਲ ਜ਼ਮੀਨ ਦੇਣ ਦਾ ਵਿਚਾਰ ਕੀਤਾ ਪਰ ਸਿਖਾਂ ਨੇ ਹੁਣ ਵਾਲੀ ਜ਼ਮੀਨ ਪ੍ਰਵਾਨ ਕੀਤੀ ਤੇ ਖਰੀਦੀ ਗਈ ਤੇ ੫ ਮਾਰਚ ੧੮੯੨ ਨੂੰ ਕਾਲਜ ਦੀ ਨੀਂਹ ਰਖੀ ਗਈ। ੧੪ ਅਪ੍ਰੈਲ ਨੂੰ ਖਾਲਸਾ ਕਾਲਜ ਕੌਂਸਲ ਬਣੀ, ਰਜਿਸਟਰਡ ਹੋਈ ਤੇ ਸਕੱਤ੍ਰ ਸ੍ਰਦਾਰ ਜਵਾਹਰ ਸਿੰਘ ਜੀ ਹੋਏ । ਇਸ ਦਾ ਪਹਿਲਾ ਇਜਲਾਸ ੧੮ ਦਸੰਬਰ

ਤੇ ਸ੍ਰੀ ਗੁਰੂ ਨਾਨਕ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਗਿਆ ਦਾ ਪਾਲਨ ਕਰਾਂਗਾ।

ਮੇਰੀ ਬਹੁਤ ਇਛਾ ਹੋਣ ਪਰ ਵੀ ਮੈਂ ਪੰਜਾਬ ਪੁਜ ਕੇ ਤੁਹਾਨੂੰ ਨਹੀਂ ਮਿਲ ਸਕਾਂਗਾ, ਇਸ ਵਾਸਤੇ ਇਹ ਚਿਠੀ ਲਿਖਣ ਤੇ ਲਾਚਾਰ ਹੋਇਆ ਸੀ। ਮਹਾਰਾਣੀ ਵਿਕਟੋਰੀਆ ਵਿਚ ਮੇਰੀ ਜੋ ਪਰਮ ਭਗਤੀ ਸੀ ਮੈਂ ਉਸ ਦਾ ਉਚਿਤ ਫਲ ਪਾ ਲਿਆ ਹੈ। ਸਤਿਗੁਰੂ ਜੀ ਦੀ ਇਛਾ ਪੂਰਣ ਹੋਵੇ। ਸ੍ਰੀ ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤਹ।

ਪਯਾਰੇ ਦੇਸ਼ ਵਾਸੀਓ,

ਮੈਂ ਹਾਂ ਤੁਹਾਡਾ ਆਪਣਾ ਮਾਸ ਤੇ ਲਹੂ, ਦਲੀਪ ਸਿੰਘ

ਇਹ ਚਿਠੀ ਪੁਜਦਿਆਂ ਕਈਆਂ ਨੇ ਮਹਾਰਾਜੇ ਨੂੰ ਬੰਬਈ ਮਿਲਣ ਦੀ ਇਛਾ ਪ੍ਰਗਟ ਕੀਤੀ ਪਰ ਸਿਖਾਂ ਦੇ ਰਈਸ ਟੋਲੇ ਨੇ ਲਾਰਡ-ਡਫਰਨ, ਵਾਇਸਰਾਏ ਨੂੰ ਲਿਖ ਭੇਜਿਆ ਕਿ ਜੇਕਰ ਮਹਾਰਾਜਾ ਇਥੇ ਆ ਗਿਆ ਤਾਂ ਪੰਜਾਬ ਜ਼ਰੂਰ ਬਿਗੜ ਜਾਊ, ਸਿੰਘ ਬਿਗੜੇ ਬਸ ਵਿਚ ਨਾ ਆਉਣਗੇ। ਇਹ ਓਹੋ ਮਹਾਂ ਸੂਰਬੀਰ ਲੜਾਕੀ ਬਹਾਦਰ ਕੌਮ ਹੈ ਜਿਸ ਨੇ ਦਿਲੀ ਤੇ ਕਾਬਲ ਦੇ ਬਾਦਸ਼ਾਹੀਆਂ ਗਰਕ ਕਰ ਕੇ ਆਪਣੀ ਬਾਦਸ਼ਾਹੀ ਬਣਾ ਲਈ ਸੀ। ਇਹ ਬਹਾਨਾ ਬਣਾ ਵਾਇਸਰਾਏ ਦੇ ਹੁਕਮ ਨਾਲ ਮਹਾਰਾਜੇ ਨੂੰ ਅਦਨ ਮੁਲਕ ਵਿਚ ਅਟਕਾ ਦਿਤਾ। ਉਸ ਸਮੇਂ ਅੰਗਰੇਜ਼ੀ ਫ਼ੌਜ ਸਿੰਘਾਂ ਦੀ ਜੋ ਮੁਲਕ ਅਬਾਸੀਨ ਨੂੰ ਫਤੇ ਕਰ ਕੇ ਉਥੇ ਆਈ ਤਾਂ ਮਹਾਰਾਜੇ ਨੇ ਅੰਮ੍ਰਿਤ ਛਕ ਕੇ ਸਿੰਘੀ ਧਰਮ ਧਾਰ ਲੀਤਾ। ਇਸ ਗਲੋਂ ਭੀ ਵਾਇਸਰਾਏ ਨੂੰ ਹੋਰ ਸ਼ਕ ਹੋ ਗਿਆ ਤੇ ਮਹਾਰਾਜੇ ਨੂੰ ਜਬਰਨ ਵਲੈਤ ਜਾਣਾ ਪਿਆ।

ਅਜੇਹੀਆਂ ਕਾਰਰਵਾਈਆਂ ਤੇ ਮਾਣ ਕਰਦੇ ਖਾਲਸਾ ਦੀਵਾਨ ਦੇ ਸੇਵਕ ਵਾਇਸਰਾਇ ਅਗੇ ਫਖਰ ਨਾਲ ਇਕ ਥਾਂ ਨਹੀਂ ਬਾਰ ਬਾਰ ੮੭ ਤੇ ੮੮ ਵਿਚ ਐਡਰੈਸ ਲਿਖਦੇ ਤੇ ਪੇਸ਼ ਕਰਦੇ ਲਿਖਦੇ ਹਨ:—

1. The Sikhs have passed through most severe trials with signal success. They behaved with conspicuous loyalty in 1857 as the annals of that troublesome time

gloriously record their sacrifices for the sake of their Sovereign.

ਇਸ ਦੀ ਪ੍ਰੋੜਤਾ ਲਈ ਸਿਵਲ ਮਿਲਟਰੀ ਗੈਜ਼ਟ ਦੇ ੩੧ ਅਗਸਤ ੧੮੮੭ ਦੇ ਨੋਟ ਦਾ ਹਵਾਲਾ ਦੇਂਦੇ ਹਾਂ:-

"The fine old Sikhs changed the plough for the sword and forgetting their past humiliation unreservedly laid down their lives at the alter of the British Crown & made a name like the Spartans to conquer or die to defend & uphold its honor in the field."

ਇਸ ਤੋਂ ਵਡੀ ਕੁਰਬਾਨੀ ਬਾਬਤ ਕਹਿੰਦੇ ਹਨ-

2. They have denied to recognize the pretentions of Dhuleep Singh & have shown markedly how well satisfied they are with the British Sovereignty over them. The Sikhs have learnt that they can only prosper well under the rule of the British, & when comparing their present condition with those under the Sikh rulers, they have found that they are better treated by the English.

3. No other community or creed had such trials as the Sikhs, & no other people had such temptations as they. There is no descendent of the Mugal or of the Peshwa tempting either of the other two communities to come over to him, but Dhuleep Singh, backed by the Russian intrigue, is openely inviting the Sikhs to him. The Sikhs regard him as a false pretender ; they would die for their Sovereign Empress, but they would never receive him as their ruler.

ਅਥਵਾ-ਸਿਖ ਬੜੀਆਂ ਕਠਨ ਪ੍ਰੀਖਿਯਾਂ ਵਿਚ ਵੀ ਸ਼ਾਨਦਾਰ ਸਫਲਤਾ ਨਾਲ ਲੰਘੇ ਹਨ। ੧੮੫੭ ਜੇਹੇ ਔਖੇ ਸਮੇਂ ਵਿਚ ਉਹਨਾਂ ਨੇ ਕਿਸ ਤਰ੍ਹਾਂ ਆਪਣੀ ਸਰਕਾਰ ਲਈ ਮਹਾਨ ਕੁਰਬਾਨੀਆਂ ਕਰ ਕੇ ਸ਼ਾਨਦਾਰ ਵਫਾਦਾਰੀ ਦਾ ਪ੍ਰਤਖ ਸਬੂਤ ਦਿਤਾ।

ਇਹਨਾਂ ਸੋਹਣੇ ਪੁਰਾਣੇ ਸਿਖਾਂ ਨੇ ਆਪਣੀ ਪਿਛਲੀ ਹੇਠੀ ਨੂੰ ਭੁਲ ਕੇ ਹਲਾਂ ਨੂੰ ਤਲਵਾਰ ਵਿਚ ਬਦਲਿਆ ਤੇ ਬਿਨਾਂ ਕਿਸੇ ਸ਼ਰਤ ਦੇ ਆਪਣੀਆਂ ਜਾਨਾਂ ਅੰਗਰੇਜ਼ੀ ਸਰਕਾਰ ਵਾਸਤੇ ਦੇ ਦਿਤੀਆਂ ਤੇ ਸਪਾਰਟਨਜ਼

ਵਾਂਗ ਜਿਤਨ ਜਾਂ ਮੈਦਾਨ ਵਿਚ ਆਪਣਾ ਝੰਡਾ ਉੱਚਾ ਰਖਣ ਲਈ ਮਰ ਮਿਟਨ ਲਈ ਨਾਉਂ ਬਨਾਇਆ।

ਇਨ੍ਹਾਂ (ਸਿਖਾਂ) ਨੇ (ਮਹਾਰਾਜਾ) ਦਲੀਪ ਸਿੰਘ ਦੇ ਹੱਕਾਂ ਨੂੰ ਮੰਨਣ ਤੋਂ ਇਨਕਾਰ ਕਰ ਕੇ ਚੰਗੀ ਤਰ੍ਹਾਂ ਦਸ ਦਿਤਾ ਹੈ ਕਿ ਉਹ ਕਿਵੇਂ ਅੰਗਰੇਜ਼ੀ ਰਾਜ ਹੇਠ ਬੜੇ ਸੁਖੀ ਹਨ।..................

ਸਿਖਾਂ ਨੂੰ ਇਹ ਪਤਾ ਲਗ ਗਿਆ ਹੈ ਕਿ ਉਹ ਅੰਗਰੇਜ਼ੀ ਰਾਜ ਹੇਠ ਰਹਿ ਕੇ ਹੀ ਚੰਗੀ ਤਰ੍ਹਾਂ ਫਲ ਫੁਲ ਸਕਦੇ ਹਨ ਅਤੇ ਜਦ ਹੁਣ ਦੀ ਹਾਲਤ ਨੂੰ ਉਹਨਾਂ ਸਿਖ ਰਾਜਿਆਂ (ਮਹਾਰਾਜਾ ਰਣਜੀਤ ਸਿੰਘ ਜੀ ਆਦਿ) ਹੇਠ ਵਸਣ ਵਾਲਿਆਂ ਦੀ ਹਾਲਤ ਨਾਲ ਮੁਕਾਬਲਾ ਕਰੀਏ ਤਾਂ ਪਤਾ ਲਗਦਾ ਹੈ ਕਿ ਅੰਗਰੇਜ਼ਾਂ ਦਾ ਵਰਤਾਉ (ਸਿਖ ਰਾਜ ਵਿਚ ਵਸਣ ਨਾਲੋਂ) ਵਧੇਰੇ ਚੰਗਾ ਹੈ।

ਹੋਰ ਕੋਈ ਕੌਮ ਜਾਂ ਮੱਤ ਸਿਖਾਂ ਜਿੰਨੀਆਂ ਪ੍ਰੀਖਯਾਵਾਂ ਵਿਚੋਂ ਨਹੀਂ ਲੰਘਿਆ ਅਤੇ ਸਿਖਾਂ ਜੇਹੀ ਦੂਸਰਿਆਂ ਨੂੰ ਭੀ ਚੁਕ ਨਹੀਂ ਸੀ। ਮੁਗਲਾਂ ਦਾ ਵਾਰਸ ਕੋਈ ਨਹੀਂ ਤੇ ਨਾ ਹੀ ਪੇਸ਼ਵਾ ਦਾ ਕੋਈ ਇਹਨਾਂ ਕੌਮਾਂ ਨੂੰ ਚੁਕ ਦੇਵਨ ਵਾਲਾ ਹੈ ਪਰ (ਮਹਾਰਾਜਾ) ਦਲੀਪ ਸਿੰਘ ਰੂਸੀ ਸਾਜ਼ਸ਼ ਦੀ ਚੁਕ ਨਾਲ ਖੁਲ੍ਹੇ ਤੌਰ ਤੇ ਸਿਖਾਂ ਨੂੰ ਆਪਣੀ ਵਲ ਸੱਦ ਰਿਹਾ ਹੈ। ਸਿਖ ਉਸ ਨੂੰ (ਮਹਾਰਾਜਾ ਦਲੀਪ ਸਿੰਘ ਨੂੰ) ਦਗੇਬਾਜ਼ ਝੂਠਾ ਦਾਹਵੇਦਾਰ ਸਮਝਦੇ ਹਨ। ਉਹ (ਸਿਖ) ਆਪਣੀ ਮਲਕਾ ਲਈ ਮਰ ਮਿਟਣਗੇ ਪਰ ਉਸ (ਦਲੀਪ ਸਿੰਘ) ਨੂੰ ਕਦੀ ਭੀ ਆਪਣਾ ਮਹਾਰਾਜਾ ਨਹੀਂ ਮੰਨਣਗੇ।

ਇਹ ਨੋਟ ਇੰਨ ਬਿੰਨ ਉਸ ਡੈਪੂਟੇਸ਼ਨ ਵਿਚੋਂ ਹੈ ਜੋ ਵਾਇਸਰਾਏ ਡਫਰਨ ਨੂੰ ੧੯ ਨਵੰਬਰ ੧੮੮੮, ੪ ਵਜੇ ਗੁਰਨਮਿੰਟ ਹਾਊਸ ਲਾਹੌਰ ਵਿਖੇ ਖਾਲਸਾ ਦੀਵਾਨ ਲਾਹੌਰ ਵਲੋਂ ਦਿਤਾ ਗਿਆ ਸੀ। ਇਸ ਵਿਚ ਖਾਲਸਾ ਦੀਵਾਨ, ਸਿੰਘ ਸਭਾ ਲਾਹੌਰ, ਸਿਆਲ ਕੋਟ, ਫੀਰੋਜ਼ਪੁਰ, ਖੁਮਾਨੋ, ਲਿਧੜਾਂ, ਤਰਨ ਤਾਰਨ, ਰਾਜ ਪੁਰਾ, ਹੁਸ਼ਿਆਰ ਪੁਰ, ਖੰਨਾ, ਮਘਿਆਨਾ, ਲੁਧਿਆਨਾ, ਪਟਿਆਲਾ, ਅੰਬਾਲਾ, ਸ਼ਿਮਲਾ, ਸਲੋਧੀ,

ਦਉਦ ਪੁਰ, ਰੋਪੜ, ਮੋਦੇ, ਚਮਕੌਰ ਸਾਹਿਬ, ਜਲੰਧਰ, ਕੋਇਟਾ, ਭਿੰਡਰ, ਕਾਲਕਾ, ਅਜਮੇਰ, ਨਾਦਰੀ ਤੇ ਸਖਰ ਦੇ ਨੁਮਾਇੰਦੇ ਭੀ ਸਨ।

ਪਰ ਮਹਾਰਾਜਾ ਦਲੀਪ ਸਿੰਘ ਜੀ ਨੂੰ ਇਸ ਸਲੂਕ ਦੀ ਖਬਰ ਨਹੀਂ ਸੀ। ਉਸ ਫਿਰ ੨੦ ਜੂਨ ੧੮੮੯ ਨੂੰ ਸਿਖਾਂ ਤੇ ਹੋਰ ਦੇਸ਼ ਵਾਸੀਆਂ ਨੂੰ ਅਪੀਲ ਕਰਦਿਆਂ ਹੋਇਆਂ ਇਹ ਭੀ ਲਿਖਿਆ ਹੈ ਕਿ ਹਿੰਦੁਸਤਾਨੀ ੧ ਪੈਸਾ ਮਹੀਨਾ ਪੰਜਾਬ ਵਾਸੀ ੧ ਆਨਾ ਮਹੀਨਾ ਦੇਣ। ਮੈਂ ਆਜ਼ਾਦ ਬਾਦਸ਼ਾਹਾਂ ਵਾਂਗ ਰੂਸ ਦੇਸ਼ ਦੀ ਫੌਜ ਨਾਲ ਆਪਣਾ ਰਾਜ ਲੈਣ ਲਈ ਆਉਣ ਵਾਲਾ ਹਾਂ।

ਪਰ ਬਿਧਾਤਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਅਗੋਂ ੩੦ ਅਕਤੂਬਰ ੧੮੮੯ ਨੂੰ ਸਿੰਘਾਂ ਵਲੋਂ ਬੜਾ ਲੰਮਾ ਜਵਾਬ ਲਿਖਿਆ ਗਿਆ।

'ਅਸੀਂ ਸਾਰਾ ਖਾਲਸਾ ਪੰਥ ਤੇ ਗੁਜਰਾਂਵਾਲੇ ਦੇ ਨਿਵਾਸੀ ਜਿਨ੍ਹਾਂ ਨਾਲ ਤੂੰ ਆਪਣੀ ਜਨਮ ਭੂਮੀ ਦਾ ਸੰਬੰਧ ਸਮਝਦਾ ਹੈਂ ਤੇਰੀ ਉਸ ਚਿਠੀ ਦਾ ਜਵਾਬ ਦਿੰਦੇ ਹਾਂ–

ਮਹਾਰਾਜਾ ਰਣਜੀਤ ਸਿੰਘ ਜੀ ਦੇ ਲੋਕ ਰਾਜ ਨੂੰ ਨਿੰਦਦੇ ਲਿਖਦੇ ਹਨ ਕਿ ਉਸ ਸਾਰੇ ਔਹਦੇ ਡੋਗਰਿਆਂ, ਹਿੰਦੂਆਂ, ਮੁਸਲਮਾਨਾਂ ਨੂੰ ਦੇ ਰਖੇ ਸਨ ਤੇ ਸਿੰਘਾਂ ਨੂੰ ਉਸ ਬਹੁਤ ਦੁਖ ਦਿਤੇ। ਇਹ ਮੇਹਣਾ ਦੇ ਅੰਗ੍ਰੇਜ਼ੀ ਸ੍ਰਕਾਰ ਰਾਜ ਦੀ ਉਪਮਾ ਕਰਨ ਉਪ੍ਰੰਤ ਸਲਾਹ ਦਿੰਦੇ ਹਨ।

'ਏਹ ਜੇੜਾ ਤੂੰ ਸਰਕਾਰ ਅੰਗ੍ਰੇਜ਼ੀ ਤੋਂ ਬਾਗੀ ਹੋਯਾ ਹੈਂ ਅਕਲ ਦੀ ਗਲ ਨਹੀਂ ਕੀਤੀ। ਸਾਡੇ ਵਿਚ ਜੇੜਾ ਥੋੜੀ ਅਕਲ ਭੀ ਰਖਦਾ ਹੈ ਉਹ ਭੀ ਤੇਰੀ ਸਹਾਇਤਾ ਦਾ ਨਾਮ ਨਹੀਂ ਲਏਗਾ, ਤੂੰ ਸਾਥੋਂ ਭੀ ਕੋਈ ਉਮੈਦ ਨ ਰਖੀਂ। ਅਸੀਂ ਤੇਨੂੰ ਸੱਚੇ ਦਿਲ ਨਾਲ ਤੇਰੇ ਦਰਦੀ ਹੋ ਕੇ ਆਖਦੇ ਹਾਂ ਕਿ ਤੂੰ ਅਜੇਹੇ ਬੁਰੇ ਖਯਾਲ ਛਡ ਕਰ ਸਾਡਾ ਆਖਯਾ ਮੰਨ ਤੇ ਲੰਡਨ ਨੂੰ ਮੁੜ ਜਾਹ ਤੇ ਮਾਫੀ ਮੰਗ ਲੈ। ਜੇ ਤੂੰ ਏਹ ਸਾਡੀ ਮਤ ਲੀਤੀ ਤਾਂ ਸੁਖ ਪਾਏਂਗਾ ਤੇ ਅਸੀਂ ਬੀ ਖੁਸ਼ੀ ਮੰਨਾਵਾਂਗੇ, ਜੇ ਨਹੀਂ ਮੰਨੇਂਗਾ ਤਾਂ ਤੂੰ ਜਾਣ ਪਰ ਸਾਡੀ ਵਲ ਫੇਰ ਕਦੇ ਅਜਿਹੀ ਚਿਠੀ ਨਾ ਭੇਜੀਂ।'

ਪ੍ਰਾਲਬਧ ਦਾ ਚਕਰ, ਮਹਾਰਾਜੇ ਦੇ ਰੂਸੀ ਮਿਤ੍ਰ ਕਾਲਵਸ ਹੋ ਗਏ ਤੇ ਏਧਰ ਖਾਲਸਾ ਜੀ ਦਾ ਇਹ ਕੋਰਾ, ਬੇ-ਅਣਖਾ ਉਤਰ ਸੁਣ ਮਹਾਰਾਜਾ ਫਰਾਂਸ ਚਲਾ ਗਿਆ; ਤੇ ਪੈਰਿਸ ਦੇ ਹੋਟਲ ਵਿਚ ਪੰਜਾਬ ਦੇ ਅੰਤਮ ਸਿਖ ਮਹਾਰਾਜੇ ਦੇ ਪ੍ਰਾਣ ਪੰਖੀ, ਅੰਗ੍ਰੇਜ਼ਾਂ ਤੇ ਸਿਖਾਂ ਦੇ ਹਥੋਂ ਆਪਣੇ ਦੁਖਾਂ ਦੀ ਕਹਾਣੀ ਸਤਿਗੁਰੂ ਦੇ ਨਿਜਾਕਾਰੀ ਦਰਬਾਰ ਵਿਚ ਸੁਣਾਨ ਲਈ, ੨੩ ਅਕਤੂਬਰ ੧੮੯੩ ਨੂੰ ਇਸ ਸਰੀਰ ਰੂਪੀ ਪਿੰਜਰੇ ਵਿਚੋਂ ਉਡ ਗਏ। ਸਿਖ ਕੌਮ ਨੇ ਹਾ, ਭੀ ਨਾ ਕੀਤੀ ਜਿਸ ਬਾਬਤ ਉਸ ਸਮੇਂ ਦ ਇਕ ਅਖਬਾਰ ਦਸਦੀ ਹੈ। "ਧੰਨਯ ਦੈਵ ! ਅਜ ਯਹਿ ਭੀ ਲੀਲਾ ਦੇਖਨੇ ਮੇਂ ਆਈ ਕਿ ਪੰਜਾਬ ਕੇਸਰੀ ਦਾ ਬੰਸ਼ ਨਿਰਬੰਸ਼ ਹੋ ਜਾਇ ਔਰ ਸਿੰਘ ਸਭਾਇਂ ਠੰਢੀ ਸਾਸ ਤਕ ਨ ਭਰੇਂ ਔਰ ਗੁਰਮੁਖੀ ਕੇ ਅਖਬਾਰ ਕਾਲੀ ਲੀਕਾਂ ਵਾਹ ਕਰ ਸ਼ੋਕ ਚਿਹਨ ਤਕ ਧਾਰਨ ਨ ਕਰੇਂ।"

ਸੇਵਕਾਂ ਦੇ ਜੀਵਨ

ਖਤਮ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਮੋਢੀਆਂ ਦੇ, ਜਿਨ੍ਹਾਂ ਸਿੰਘ ਸਭਾਵਾਂ ਤੇ ਖਾਲਸਾ ਦੀਵਾਨ ਕਾਇਮ ਕਰਕੇ ਸਿਖ ਕੌਮ ਵਿਚ ਜਾਗਰਤ ਲਿਆਂਦੀ, ਸੰਖੇਪ ਜੀਵਨ ਭੀ ਦਰਸਾਏ ਜਾਵਨ। ਸਾਰਿਆਂ ਚੋਂ ਥੋੜੇ ਜੇਹੇ ਸਜਣਾਂ ਦੇ ਜੀਵਨ ਜੋ ਬੜੀ ਮੁਸ਼ਕਲ ਪ੍ਰਾਪਤ ਹੋਏ ਹਨ ਲਿਖੇ ਜਾਂਦੇ ਹਨ:-

ਸ੍ਰ: ਠਾਕਰ ਸਿੰਘ ਜੀ ਸੰਧਵਾਲੀਆ, ਮਿ. ਮਕਾਲਫ ਤੇ ਡਾਕਟਰ ਜੈ ਸਿੰਘ ਜੀ ਸੰਬੰਧੀ ਅਗੇ ਲਿਖਿਆ ਜਾ ਚੁਕਾ ਹੈ। ਹੁਣ ਰਾਜਾ ਬਿਕ੍ਰਮਾ ਸਿੰਘ ਜੀ, ਬਾਵਾ ਖੇਮ ਸਿੰਘ ਜੀ, ਸਰ ਅਤਰ ਸਿੰਘ ਜੀ ਭਦੌੜ, ਪ੍ਰੋ: ਗੁਰਮੁਖ ਸਿੰਘ ਜੀ, ਗਿਆਨੀ ਦਿਤ ਸਿੰਘ ਜੀ, ਸ੍ਰ. ਜਵਾਹਰ ਸਿੰਘ ਜੀ, ਸ੍ਰ. ਬ. ਕਾਨ੍ਹ ਸਿੰਘ ਜੀ ਨਾਭਾ ਸੰਬੰਧੀ ਸੰਛੇਪ ਵਰਨਣ ਕਰਦਾ ਹਾਂ:-

ਰਾਜਾ ਬਿਕ੍ਰਮਾ ਸਿੰਘ ਜੀ ਫ੍ਰੀਦ ਕੋਟ:–

ਬਰਾੜ ਬੰਸ ਦੇ ਰਾਜਾ ਵਜ਼ੀਰ ਸਿੰਘ ਜੀ ਦੇ ਘਰ ਰਾਣੀ ਇੰਦਰ ਕੌਰ (ਸਪੁਤ੍ਰੀ ਸ੍ਰ: ਸ਼ਾਮ ਸਿੰਘ ਜੀ ਮਾਨ) ਦੀ ਕੁਖੋਂ ਰਾਜਾ ਬਿਕ੍ਰਮਾ ਸਿੰਘ ਜੀ ਦਾ ਜਨਵਰੀ ੧੮੪੨ ਨੂੰ ਜਨਮ ਹੋਇਆ। ਆਪ ਜੀ ਦਾ ਪਹਿਲਾ ਵਿਆਹ ਰਾਜਾ ਨਾਹਰ ਸਿੰਘ ਜੀ ਔਫ ਬਲਬਗੜ ਦੀ ਸਪੁਤ੍ਰੀ ਨਾਲ ਤੇ ਦੂਸਰਾ ਵਿਆਹ ਬਖਸ਼ੀ ਪ੍ਰਤਾਪ ਸਿੰਘ ਜੀ ਚਾਹਲ ਦੀ ਲੜਕੀ ਨਾਲ ਹੋਇਆ ਤੇ ਦੂਸਰੀ ਰਾਣੀ ਦੀ ਕੁਖੋਂ ਦੋ ਲੜਕੇ ਤੇ ਇਕ ਲੜਕੀ ਪੈਦਾ ਹੋਈ।

ਸੰ: ੧੮੭੫ ਵਿਖੇ ੩੩ ਵਰ੍ਹੇ ਦੀ ਆਯੂ ਵਿਚ ਆਪ ਰਾਜ ਗਦੀ ਤੇ ਬੈਠੇ ਤੇ ਰਿਆਸਤ ਦਾ ਬੜਾ ਸ਼ਲਾਘਾ ਯੋਗ ਪ੍ਰਬੰਧ ਕੀਤਾ। ਇਸ ਵੇਲੇ ਸ੍ਰੀ ਗੁਰੂ ਸਿੰਘ ਸਭਾ ਲਹਿਰ ਸ਼ੁਰੂ ਹੀ ਹੋਈ ਸੀ। ਆਪ ਸਿਖ ਪੰਥ ਦੀ ਜਾਗਰਤਾ ਤੇ ਉਨਤੀ ਦੇ ਵਡੇ ਚਾਹਵਾਨ ਹੋਵਣ ਕਰ ਕੇ ਅਜਿਹੀਆਂ ਸਭਾਵਾਂ ਦੀ ਪੂਰੀ ਤਰ੍ਹਾਂ ਮਦਦ ਕਰਦੇ ਸਨ। ਟਿਕਾ ਸਾਹਿਬ ਦੇ ਵਿਆਹ ਤੇ ਭੀ ਆਪ ਜੀ ਨੇ ੧੦੦੦) ਸਿੰਘ ਸਭਾ ਲਾਹੌਰ ਤੇ ੪੦੦੦) ਖਾਲਸਾ ਦੀਵਾਨ ਅੰਮ੍ਰਿਤਸਰ ਨੂੰ ਦਿਤਾ।

ਆਪ ਸਿੰਘ ਸਭਾ ਅੰਮ੍ਰਿਤਸਰ ਦੇ ਤੇ ਫੇਰ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਜੀ ਦੇ ਸਰਪ੍ਰਸਤ ਬਨਾਏ ਗਏ। ਇਸ ਦਾ ਹਾਲ ਪਿਛੇ ਦਸਿਆ ਜਾ ਚੁਕਾ ਹੈ।

ਖਾਲਸਾ ਕਾਲਜ ਅੰਮ੍ਰਤਸਰ ਬਨਣ ਵੇਲੇ ਭੀ ਆਪ ਜੀ ਨੇ ਖੁਲ੍ਹੇ ਦਿਲ ਨਾਲ ਸਹਾਇਤਾ ਕੀਤੀ।

ਆਪ ਜੀ ਵਿਚ ਆਪਨੇ ਬਚਨ ਨੂੰ ਪੂਰਾ ਕਰਨ ਦਾ ਬਹੁਤ ਗੁਣ ਸੀ। ਜਿਸ ਨਾਲ ਕੁਝ ਇਕਰਾਰ ਕਰ ਲੈਂਦੇ ਬਿਨਾਂ ਪਖਪਾਤ ਤੇ ਅਮੀਰੀ ਦੀ ਬੋ ਤੋਂ ਉਸ ਨੂੰ ਪੂਰਾ ਕਰਦੇ। ਸਿਖ ਵਿਦਵਾਨਾਂ ਨੇ ਜਦ ਅਨੁਭਵ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਟੀਕਾ ਨਾ ਹੋਵਣ ਕਾਰਨ ਗੁਰਬਾਣੀ ਸਮਝਣ ਵਿਚ ਬਹੁਤ ਔਖ ਹੁੰਦਾ ਹੈ ਤਾਂ ਆਪ ਜੀ ਨੇ ਰਿਆਸਤ ਵਲੋਂ ਵਡੇ ੨ ਗਿਆਨੀ ਤੇ ਪੰਡਤ ਸੱਦ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦਾ ਟੀਕਾ ਕਰਵਾਇਆ ਪਰ ਗਿਆਨੀ ਬਦਨ ਸਿੰਘ ਜੀ ਦੇ ਸਵਾਰਥ ਨਾਲ ਰਾਜਾ ਸਾਹਿਬ ਦੀ ਜ਼ਿੰਦਗੀ ਵਿਚ ਇਹ ਨਾ ਛਪ ਸਕਿਆ । ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੇ ਗੁਰੂ ਕੇ ਲੰਗਰ ਤੇ ਬਿਜਲੀ ਦੀ ਅਣਹੋਂਦ ਵੇਖ ਕੇ ਆਪ ਜੀ ਨੇ ੭੫੦੦੦) ਰੁਪਯਾ ਲੰਗਰ ਖਾਤੇ ਤੇ ਬਿਜਲੀ ਲਵਾਉਣ ਲਈ ੨੫੦੦੦) ਰੁਪਯਾ ਅਰਪਣ ਕੀਤਾ । ਹੋਰ ਭੀ ਗੁਰਦਵਾਰਿਆਂ—ਭੁਲ, ਲਖੀ ਜੰਗਲ, ਮੁਕਤਸਰ ਤੇ ਲੋਹਗੜ੍ਹ ਆਦਿ ਦੀਆਂ ਇਮਾਰਤਾਂ ਬੜਾ ਧਨ ਖਰਚ ਕੇ ਬਨਵਾਈਆਂ । ਰਾਜਾ ਸਾਹਿਬ ਦੇ ਸਲਾਹਕਾਰ ਯੋਗ ਨਾ ਹੋਵਨ ਕਰ ਕੇ ਆਪ ਦੀ ਥਾਂ ਕਈ ਝਗੜੇ ਤੇ ਮੁਕੱਦਮੇ ਹੋਏ ਜਿਸ ਕਾਰਨ ਕਈਆਂ ਦਾ ਆਪ ਜੀ ਨਾਲ ਮਤਭੇਦ ਸੀ ਪਰ ਆਪ ਦੀ ਸੇਵਾ ਦੀ ਸਾਰੇ ਕਦਰ ਕਰਦੇ ਸਨ ਤੇ ਇਸੇ ਸੇਵਾ ਵਿਚ ਆਪ ਜੀ ਦਾ ੮ ਅਗਸਤ ੧੮੯੮ ਨੂੰ ਚਲਾਣਾ ਹੋਇਆ ।

ਬਾਬਾ ਸਰ ਖੇਮ ਸਿੰਘ ਜੀ ਬੇਦੀ—

ਆਪ ਜੀ ਦੇ ਬਜ਼ੁਰਗ ਊਨਾ ਜ਼ਿਲਾ ਹੁਸ਼ਿਆਰ ਪੁਰ ਹੀ ਰਹਿੰਦੇ ਸਨ । ੧੮੩੨ ਵਿਚ ਆਪ ਜੀ ਦਾ ਸ੍ਰ: ਅਤਰ ਸਿੰਘ ਜੀ ਦੇ ਗ੍ਰਿਹ ਵਿਖੇ ਜਨਮ ਹੋਇਆ । ਸ਼ੁਰੂ ਤੋਂ ਹੀ ਅੰਗ੍ਰੇਜ਼ੀ ਸਰਕਾਰ ਦੇ ਵਫ਼ਾਦਾਰ ਰਹੇ ਹਨ । ੧੮੪੮—੪੯ ਪਿਛੋਂ ਭੀ ਆਪ ਜੀ ਦੀ ਇਸ ਕਰਕੇ [illegible] ਆਦਿ ਜਾਰੀ ਰਹੀ । ੧੮੫੭ ਵਿਚ ਭੀ ਆਪ ਜੀ ਨੇ ਮਿੰਟਗੁਮਰੀ ਜ਼ਿਲੇ ਵਿਚ ਸਰਕਾਰ ਦੀ ਬੜੀ ਸੇਵਾ ਕੀਤੀ, ਜਿਸ ਬਦਲੇ ਆਪ ਨੂੰ ਕਾਫੀ ਖਿਲਤ ਤੇ ਜਗੀਰ ਪ੍ਰਾਪਤ ਹੋਈ । ਵਡੇ ਹੋ ਕੇ ਆਪ ਜੀ ਦੀ ਪੋਠੋਹਾਰ ਵਿਚ ਕਾਫੀ ਸਿਖੀ ਸੇਵਕੀ ਹੋ ਗਈ, ਜਿਸ ਕਰਕੇ ਗੁਰੂ ਅੰਸ ਅਖਵਾ ਪੂਜਾ ਕਰਵਾਉਂਦੇ ਰਹੇ । ਆਪ ਸਿਖਾਂ ਨੂੰ ਹਰ ਤਰ੍ਹਾਂ ਉਚਿਆਂ ਵੇਖਣ ਦੇ ਚਾਹਵਾਨ ਸਨ । ਆਪਣੇ ਜ਼ਾਤੀ ਅਸਰ ਕਰਕੇ ਆਪ ਨੇ ਉਸ ਸਮੇਂ, ਜਦ ਇਸਤ੍ਰੀ ਵਿਦਯਾ ਨੂੰ ਬੁਰਾ ਸਮਝਿਆ ਜਾਂਦਾ ਸੀ, ਥਾਂ ਥਾਂ ਇਸਤ੍ਰੀਆਂ ਵਾਸਤੇ ਪਾਠਸ਼ਾਲਾ ਖੋਲ ਕੇ ਸਿਖ ਬੀਬੀਆਂ ਦੀ ਵਿਦਯਾ ਦਾ ਬਹੁਤ ਪ੍ਰਚਾਰ ਕੀਤਾ । ਪਛਮੀ ਪੰਜਾਬ ਵਿਚ ਭੀ ਮਾਤਾ ਦਾ ਟੀਕਾ ਲੋਕਾਂ ਨੇ ਆਪ ਦੇ ਅਸਰ ਹੇਠ ਹੀ ਲਵਾਉਣਾ

ਸ਼ੁਰੂ ਕੀਤਾ ਸੀ। ਮਿੰਟਗੁਮਰੀ ਵਸਾਉਣ ਵਿਚ ਆਪ ਨੇ ਕਾਫੀ ਹਿਸਾ ਲਿਆ ਇਸੇ ਕਰਕੇ ਆਪਦੀਆਂ ਜ਼ਮੀਨਾਂ ਇਸ ਇਲਾਕੇ ਵਿਚ ਬਹੁਤ ਹਨ। ੧੮੭੭ ਵਿਚ ਆਪ ਨੂੰ ਮਿੰਟਗੁਮਰੀ ਦਾ ਮਜਿਸਟ੍ਰੇਟ ਫੇਰ ੧੮੭੮ ਮੁਨਸਿਫ ਬਣਾਇਆ ਗਇਆ।

ਆਪ ਕੌਂਸਲ ਆਫ ਸਟੇਟ ਦੇ ਮੈਂਬਰ ਭੀ ਰਹੇ ਹਨ।

ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਬਨਣ ਤੋਂ ਹੀ ਆਪ ਇਸ ਵਿਚ ਬੜੇ ਪ੍ਰੇਮ ਨਾਲ ਹਿਸਾ ਲੈਂਦੇ ਰਹੇ। ਖਾਲਸਾ ਦੀਵਾਨ ਅੰਮ੍ਰਿਤਸਰ ਆਪ ਦੀ ਮਦਦ ਕਰਕੇ ਹੀ ਇਤਨਾ ਚਿਰ ਜੀਉਂਦਾ ਰਿਹਾ। ਆਪ ਸਿਖਾਂ ਨੂੰ ਹਿੰਦੂਆਂ ਦੇ ਮਿਲਗੋਭੇ ਚੋਂ ਕਢਣ ਦੇ ਬਹੁਤ ਵਿਰੁਧ ਸਨ ਤੇ ਇਸੇ ਕਰ ਕੇ ਖਾਲਸਾ ਦੀਵਾਨ ਲਾਹੌਰ ਦੇ ਸੇਵਕਾਂ ਨੂੰ ਆਪ ਚੰਗਾ ਨਹੀਂ ਸਮਝਦੇ ਸਨ। ਇਸ ਦਾ ਜ਼ਿਕਰ ਪਿਛੇ ਆ ਚੁਕਾ ਹੈ। ਯਥਾ ਸ਼ਕਤਿ ਸੇਵਾ ਕਰਦੇ ਆਪ ਚੇਤਰ ਪ੍ਰਵਿਸ਼ਟੇ ੨੯ ਸੰਮਤ ੧੯੬੨ ਦੀ ਵਸਾਖੀ ਤੋਂ ਦੋ ਦਿਨ ਪਹਿਲਾਂ ਸੋਮਵਾਰ ਪ੍ਰਾਤਾਕਾਲ ੭॥ ਵਜੇ ਮਿੰਟਗੁਮਰੀ ਵਿਖੇ ਅਕਾਲ ਚਲਾਣਾ ਕਰ ਗਏ।

ਭਾਈ ਗੁਰਮੁਖ ਸਿੰਘ ਜੀ:-

ਭਾਂਵੇਂ ਸਾਰੇ ਕਾਰਜ ਅਕਾਲ ਪੁਰਖ ਹੀ ਕਰਦਾ ਹੈ ਪਰ ਹਰ ਕੰਮ ਲਈ ਕੋਈ ਨ ਕੋਈ ਢੰਗ ਜਾਂ ਤਰੀਕਾ ਵਰਤਣਾ ਪੈਂਦਾ ਹੈ। ਸਿਖ ਕੌਮ ਜਦ ਕਾਫੀ ਡਿਗ ਚੁਕੀ ਸੀ ਤਾਂ ਸਤਿਗੁਰੂ ਜੀ ਨੇ ਭਾਈ ਗੁਰਮੁਖ ਸਿੰਘ ਜੀ ਤੇ ਅਪਾਰ ਕ੍ਰਿਪਾ ਕੀਤੀ ਤੇ ਆਪ ਜੀ ਨੂੰ ਮਲਾਹ ਬਣਾ ਸਿਖ ਕੌਮ ਦੀ ਡੁਬਦੀ ਬੇੜੀ ਨੂੰ ਘੁੰਮਣ ਘੇਰੇ ਚੋਂ ਬਚਾਉਣ ਲਈ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ਚਪੂ ਲਾ ਕੇ ਕੇਵਲ ਮਿਟਣ ਤੋਂ ਹੀ ਨਹੀਂ ਬਚਾਇਆ ਸਗੋਂ ਸਚਾਈ ਪ੍ਰਗਟ ਕਰ ਫੇਰ ਦੂਸਰੀਆਂ ਕੌਮਾਂ ਦੇ ਮੁਕਾਬਲੇ ਤੇ ਖੜਾ ਹੋਵਨ ਲਈ ਕਰ ਦਿਤਾ। ਭਾਈ ਗੁਰਮੁਖ ਸਿੰਘ ਜੀ ਦਾ ਜੀਵਨ ਹੀ ਸ੍ਰੀ ਗੁਰੂ ਸਿੰਘ ਸਭਾ ਲਹਿਰ ਦਾ ਅਰੰਭਕ ਇਤਿਹਾਸ ਹੈ। ਅਜ ਕਲ ਦੀ ਗੁਰਮਤ ਅਵਸਥਾ, ਪੰਜਾਬੀ ਦੀ ਉਨਤੀ ਤੇ ਵਿਦਯਾ ਦਾ ਵਾਧਾ ਹੋਵਨ ਦਾ ਆਪ ਜੀ

ਦੇ ਸਿਰ ਹੀ ਸੇਹਰਾ ਹੈ। ਸਿਖ ਕੌਮ ਅਜ ਇਨ੍ਹਾਂ ਸਾਰਿਆਂ ਕੰਮਾਂ ਲਈ ਏਸ ਸੇਵਕ ਦੀ ਰਿਣੀ ਹੈ ਪਰ ਸਿਖ ਕੌਮ ਵਿਚ ਸੇਵਕਾਂ ਦੀ ਕਦਰ ਨ ਕਰਨ ਦੀ ਵਾਦੀ ਨੇ ਇਸ ਸੇਵਕ ਦਾ ਨਾਉਂ ਤਕ ਭੀ ਭੁਲਾ ਛਡਿਆ ਹੈ।

ਆਪ ਜੀ ਦਾ ਜਨਮ ਚੰਧੜਾਂ ਵਿਖੇ ਹੋਇਆ। ਭਾਵੇਂ ਆਪ ਜੀ ਦੇ ਪਿਤਾ ਵਡੇ ਸ੍ਰਦਾਰਾਂ ਵਿਚੋਂ ਨਹੀਂ ਸਨ ਪਰ ਧੰਨ ਹਨ ਆਪ ਦੇ ਮਾਤਾ ਪਿਤਾ ਜਿਨ੍ਹਾਂ ਐਸਾ ਲਾਲ ਸਿਖ ਕੌਮ ਲਈ ਪੈਦਾ ਕੀਤਾ। ਗਰੀਬੀ ਦੀ ਹਾਲਤ ਵਿਚ ਹੀ ਆਪ ਜੀ ਨੇ ਤਾਲੀਮ ਪਾ ਕੇ ਡਿਗਰੀ ਹਾਸਲ ਕੀਤੀ। ਵਿਦਯਾ ਪਾ ਕੇ ਉਨ੍ਹਾਂ ਦਿਨਾਂ ਵਿਚ ਸ੍ਰਕਾਰੀ ਔਹਦਿਆਂ ਤੇ ਪੁਜਣਾ ਕੋਈ ਵਡੀ ਗਲ ਨਹੀਂ ਸੀ ਤੇ ਆਪ ਜੀ ਦੇ ਹਮ ਜਮਾਤੀ ਬੜੇ ਵਡੇ ੨ ਔਹਦਿਆਂ ਤੇ ਹੋਏ ਭੀ, ਪਰ ਆਪ ਜੀ ਨੇ ਬਥੇਰਾ ਸਮਝਾਉਣ ਤੇ ਭੀ ਕਿ ਸਿਖ ਕੌਮ ਦੀ ਸੇਵਾ ਕਰਨੀ, ਜੋ ਨਿਰੀ ਸੂਲਾਂ ਦੀ ਸੇਜ ਹੀ ਹੈ, ਫਿਰ ਉਸ ਵਕਤ ਜਦ ਸਿਖ ਹਿੰਦੂ ਧਰਮ ਨਾਲ ਮਿਲਗੋਭਾ ਹੋ ਚੁਕੇ ਸਨ। ਪਰ ਆਪ ਹੰਸ ਵਾਂਗ ਦੁਧ ਤੇ ਪਾਣੀ ਨੂੰ ਅਡ ਕਰਨਾ ਚਾਹੁੰਦੇ ਸਨ। ਸੋ ਆਪ ਜੀ ਨੇ ਸ਼ੁਰੂ ਤੋਂ ਹੀ ਆਪਣਾ ਜੀਵਨ ਸਿਖ ਧਰਮ ਦੀ ਸੇਵਾ ਲਈ ਅਰਪਣ ਕਰ ਦਿਤਾ।

ਪੇਟ ਪੂਜਾ ਕਰਨ ਖਾਤਰ, ਤਾਕਿ ਦਸਾਂ ਨਹੁੰਆਂ ਦੀ ਕ੍ਰਿਤ ਬਿਨਾਂ ਹੋਰ ਧਨ ਨਾਲ ਸਰੀਰ ਨੂੰ ਨਾ ਪਾਲਿਆ ਜਾਵੇ, ਕਾਲਜ ਤੋਂ ਨਿਕਲਦੇ ਹੀ ਆਪ ਓਰੀਐਂਟਲ ਕਾਲਜ ਲਾਹੌਰ ਵਿਚ ਅਸਿਸਟੰਟ ਪ੍ਰੋਫੈਸਰ ਲਗ ਗਏ, ਜਿਸ ਵਿਚ ਆਪ ਤਿੰਨ ਚਾਰ ਘੰਟੇ ਵਿਦਯਾਰਥੀਆਂ ਨੂੰ ਪੜ੍ਹਾਈ ਕਰਾਉਂਦੇ ਤੇ ਬਾਕੀ ਦਾ ਸਮਾਂ ਧਰਮ ਕਾਰਜਾਂ ਵਿਚ ਖਰਚ ਕਰਦੇ ਸਨ।

ਆਪ ਜੀ ਨੇ ਜਦ ਵੇਖਿਆ ਕਿ ਦੂਸਰੀਆਂ ਕੌਮਾਂ ਕਿਸ ਤਰ੍ਹਾਂ ਵਾਧੇ ਤੇ ਜਾ ਰਹੀਆਂ ਹਨ ਤਾਂ ਆਪ ਜੀ ਨੇ ਭੀ ਖਾਲਸਾ ਕੌਮ ਨੂੰ ਕੁੰਭ ਕਰਨੀ ਨੀਂਦ ਤੋਂ ਜਗਾਉਣ ਹਿਤ ਹੋਰ ਸਜਨਾਂ ਨੂੰ ਨਾਲ ਮਿਲਾ ਕਾਰਜ ਅਰੰਭ ਕਰ ਦਿਤਾ। ਛੇਤੀ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਕਾਇਮ ਹੋ ਗਈ, ਜਿਸ ਪਿਛੋਂ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਭੀ ੧੯੭੯ ਵਿਚ ਬਨਾਈ ਗਈ ਤੇ ਗੁਰਮੁਖੀ ਅਖਬਾਰ ਤੇ ਵਿਦਯਾਰਕ ਰਸਾਲਾ ਸ਼ੁਰੂ ਕੀਤੇ ਗਏ। ਪੰਜਾਬੀ ਖਾਸ ਕਰ ਗੁਰਮੁਖੀ ਨੂੰ ਉਚਿਆਂ ਕਰਨ ਦੀ ਆਪ ਦੀ ਹੀ ਹਿੰਮਤ ਸੀ।

ਇਸ ਸਮੇਂ ਆਰਯਾ ਸਮਾਜ ਵਿਚ ਫਸੇ ਭਾਈ ਦਿਤ ਸਿੰਘ ਜੀ, ਭਾਈ ਜਵਾਹਰ ਸਿੰਘ ਜੀ, ਭਾਈ ਮਈਆ ਸਿੰਘ ਜੀ, ਭਾਈ ਨਿਕਾ ਸਿੰਘ ਜੀ ਆਦਿ ਪ੍ਰਤਿਸ਼ਟ ਸਜਨਾਂ ਨੂੰ ਸਿਖ ਕੌਮ ਦੀ ਸੇਵਾ ਵਿਚ ਲਾਉਣ ਦਾ ਫਰਜ਼ ਆਪ ਹੀ ਨਿਭਾਇਆ ਭਾਵੇਂ ਆਪ ਜੀ ਨੂੰ ਅਣਗਿਣਤ ਕਸ਼ਟ ਸਹਿਣੇ ਪਏ। ਇਸ ਨਾਲ ਹੋਰ ਸਿਖ ਅਮੀਰਾਂ ਤੇ ਸ੍ਰਦਾਰਾਂ ਨੂੰ ਭੀ ਖਾਲਸਾ ਧਰਮ ਨੂੰ ਖਾਲਸ ਬਣਾਉਣ ਲਈ ਪ੍ਰੇਰਿਆ ਗਇਆ ਪਰ ਦੁਖ ਝਲਣ ਤੋਂ ਬਿਨਾਂ ਇਹ ਕੰਮ ਸਿਰੇ ਨਹੀਂ ਸੀ ਚੜ ਸਕਦਾ ਸੋ ਆਪ ਜੀ ਨੇ ਸਭ ਕੁਝ ਸਹਾਰਿਆ। ਖਾਲਸਾ ਦੀਵਾਨ ਅੰਮ੍ਰਿਤਸਰ ਨੂੰ ਆਪ ਹੀ ਬਣਾਇਆ ਪਰ ਸੋਧ ਕਰਨ ਲਗਿਆਂ ਓਥੋਂ ਧੱਕਾ ਮਿਲਿਆ। ਸਿੰਘ ਸਭਾਵਾਂ ਜਾਂ ਗੁਰਦਵਾਰਿਆਂ ਹੀ ਨਹੀਂ ਸਗੋਂ ਸਾਰਿਆਂ ਤਖਤਾਂ ਵਲੋਂ ਆਪ ਜੀ ਨੂੰ ਪੰਥ ਤੋਂ ਖਾਰਜ ਕਰਨ ਦੇ ਫਤਵੇ ਲਗ ਗਏ। ਆਪ ਜੀ ਨੇ ਸੇਵਾ ਤੋਂ ਫੇਰ ਭੀ ਮੁਖ ਨਾ ਮੋੜਿਆ ਤੇ ਖਾਲਸਾ ਦੀਵਾਨ ਲਾਹੌਰ ਰਚਿਆ ਗਇਆ। ਫਿਰ ਫਿਰ ਕੇ ਥਾਂ ਥਾਂ ਸਿੰਘ ਸਭਾ ਬਨਾਈ ਗਈ, ਖਾਲਸਾ ਅਖਬਾਰ ਤੇ ਪ੍ਰੈਸ ਜਾਰੀ ਕਰ ਕੇ ਸਿਖ ਕੌਮ ਵਿਚ ਜਾਗਰਤ ਲਿਆਂਦੀ ਗਈ, ਰਿਆਸਤਾਂ ਦੇ ਰਾਜਿਆ ਮਹਾਰਾਜਿਆਂ ਤੇ ਸ੍ਰਦਾਰਾਂ ਦਾ ਇਸ ਪਾਸੇ ਧਿਆਨ ਦਵਾਇਆ ਆਦਿ ਸਾਰੀਆਂ ਸੇਵਾ ਦਾ ਹਾਲ ਪਿਛੇ ਦਸਿਆ ਜਾ ਚੁਕਾ ਹੈ। ਸਿਖ ਵਿਦਯਾਰਥੀਆਂ ਲਈ ਲਾਹੌਰ ਵਿਖੇ ਮਹਾਰਾਜਾ ਸਾਹਿਬ ਨਾਭਾ ਤੋਂ ਰੁਪਯਾ ਲੈ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਬੋਰਡਿੰਗ ਹਾਊਸ ਖੋਲਿਆ ਗਇਆ। ਇਸ ਸਾਰੇ ਪੁਰਖਾਰਥ ਤੋਂ ਬਿਨਾਂ ਖਾਲਸਾ ਕਾਲਜ ਅੰਮ੍ਰਿਤਸਰ ਬਨਾਉਣਾ ਭੀ ਆਪ ਜੀ ਦੇ ਹੀ ਖਯਾਲ ਤੋਂ ਨਿਕਲਿਆ ਸੀ।

ਆਪ ਜੀ ਨੇ ਸਿਖ ਧਰਮ ਤੇ ਇਤਿਹਾਸ ਦੀ ਖੋਜ ਭੀ ਬਹੁਤ ਕੀਤੀ ਸੀ। ਸਚਾਈ ਪ੍ਰਗਟ ਕਰਦਿਆਂ ਕਿਸੇ ਦਾ ਭੈ ਜਾਂ ਝਕ ਨਹੀਂ ਖਾਧਾ। ਇਸ ਦੀ ਗਵਾਹੀ ਆਪ ਦੇ ਸੁਧਾਰਾਰਕ ਵਿਚ ਛਪੇ ਲੇਖ ਦਿੰਦੇ ਹਨ।

ਜੀਵਨ ਵਿਚ ਆਪ ਜੀ ਦੀ ਇਤਨੀ ਵਿਰੋਧਤਾ ਹੁੰਦਿਆਂ ਭੀ ਆਪ ਜੀ ਨੇ ਦਿਲ ਨਹੀਂ ਛਡਿਆ; ਸਗੋਂ ਪੂਰੀ ਤਰ੍ਹਾਂ ਸਿਖੀ ਦੀ ਸੇਵਾ ਕੀਤੀ ਤੇ ਆਪਣੇ ਵਿਰੋਧੀਆਂ ਨੂੰ ਭੀ ਕਦੀ ਬੁਰਾ ਬਚਨ ਨਹੀਂ ਕਿਹਾ।

ਇਸ ਜ਼ਬਾਨ ਦੀ ਮਿਠਾਸ ਦਾ ਸਦਕਾ ਤੇ ਕੌਮੀ ਹਿਤ ਕਰ ਕੇ ਸਾਰੇ ਹੀ ਆਪ ਜੀ ਨੂੰ ਪਿਆਰ ਕਰਨ ਲਗ ਪਏ ਤੇ ਸਨਮਾਨ ਕਰਦੇ ਸਨ।

ਜਦ ਸਿਖ ਕੌਮ ਜ਼ਰਾ ਧੌਣ ਚੁਕਣ ਜੋਗੀ ਹੋਈ ਤਾਂ ਮੌਤ ਭੀ ਇਸ ਸਿਖ ਧਰਮ ਦੇ ਸਚੇ ਵਿਸ਼ਵਾਸੀ, ਹਿਤੈਸ਼ੀ ਤੇ ਕੌਮ ਦੇ ਤਕੜੇ ਚੌਕੀਦਾਰ, ਪੰਜਾਬੀ ਜ਼ਬਾਨ ਦੇ ਮਦਦਗਾਰ, ਸਿਖ ਇਤਿਹਾਸ ਦੇ ਖੋਜੀ, ਖਾਲਸਾ ਪੰਥ ਨੂੰ ਵਿਦਵਾਨ, ਉਚਿਆਂ, ਸੁਚਿਆਂ ਤੇ ਖਾਲਸ ਵੇਖਣ ਦੇ ਚਾਹਵਾਨ ਦੀ ਉਪਮਾ ਤੇ ਸੇਵਾ ਨਾ ਸਹਾਰ ਸਕੀ। ੨੪ ਸਤੰਬਰ ੧੮੯੮ ਦੇ ਅਭਾਗ ਦਿਹਾੜੇ ਸ੍ਰੀ ਨਗਰ ਕੰਡਾ ਘਾਟ ਰਜਾਸਤ ਪਟਿਆਲਾ ਵਿਖੇ ਬਿਨਾਂ ਬੀਮਾਰੀ ਹੋਏ ਦੇ ਅਚਨਚੇਤ ਪਾਣੀ ਦੇ ਬੁਦਬੁਦੇ ਵਾਂਗ ਮੌਤ ਆਪ ਦੀ ਰੂਹ ਨੂੰ ਇਸ ਸਰੀਰ ਚੋਂ ਕਿਸੇ ਅਣਡਿਠੇ ਦੇਸ਼ ਲੈ ਗਈ।

ਸਰ ਸ੍ਰਦਾਰ ਅਤਰ ਸਿੰਘ ਜੀ ਭਦੌੜ—

ਆਪ ਫੂਲ ਬੰਸ ਚੋਂ ਸ੍ਰਦਾਰ ਖੜਗ ਸਿੰਘ ਜੀ ਦੇ ਘਰ ਸੰਨ ੧੮੩੩ ਵਿਚ ਜਨਮੇ। ਆਪ ਜੀ ਵਿਦਯਾ ਦੇ ਵਡੇ ਚਾਹਵਾਨ ਸਨ। ਆਪਨੇ ਸਮੇਂ ਦੇ ਪੰਡਤਾਂ, ਗਿਆਨੀਆਂ ਤੇ ਮੌਲਵੀਆਂ ਤੋਂ ਬਿਨਾਂ ਸੰਸਕ੍ਰਿਤ ਦੀ ਵਿਦਿਆ, ਕਾਵਯ, ਸਾਹਿਤਯ, ਨਾਟਕ, ਵਯਾਕਰਨ, ਜੋਤਸ਼, ਪਿੰਗਲ ਤੇ ਸੰਗੀਤ ਆਦਿ ਬਨਾਰਸ ਵਿਖੇ ਪੜ੍ਹੀ।

/੧੮੫੭ ਦੇ ਗਦਰ ਵਿਚ ਆਪ ਜੀ ਨੇ ਲੁਧਿਹਾਣੇ ਤੇ ਫੀਰੋਜ਼ਪੁਰ ਵਿਖੇ ਪੰਜਾਹ ਸਵਾਰਾਂ ਨਾਲ ਅੰਗਰੇਜ਼ੀ ਸਰਕਾਰ ਦੀ ਪੂਰੀ ਮਦਦ ਕੀਤੀ ਸੀ।\

੧੮੬੯ ਵਿਚ ਆਪ ਜੀ ਵਿਦਯਾ ਦਾ ਸਦਕਾ ਏਸ਼ੀਆਟਿਕ ਸੁਸਾਇਟੀ ਔਫ ਬੰਗਾਲ ਦੇ ਮੈਂਬਰ ਬਣੇ। ੧੮੭੦ ਵਿਚ ਆਪ ਨੂੰ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਦਾ ਮੈਂਬਰ ਬਨਾਇਆ ਗਿਆ।

ਸ੍ਰੀ ਗੁਰੂ ਸਿੰਘ ਸਭਾ ਲਹਿਰ ਸ਼ੁਰੂ ਹੋਵਣ ਤੋਂ ਹੀ ਆਪ ਇਸ ਨਾਲ ਸੰਬੰਧਤ ਰਹੇ। ਸਿਖੀ ਦਾ ਪ੍ਰੇਮ ਅਗੇ ਹੀ ਠਾਠਾਂ ਮਾਰਦਾ ਸੀ ਸੋ ਆਪ ਜੀ ਨੇ ਇਸ ਲਹਿਰ ਵਿਚ ਵਧ ਚੜ ਹਿਸਾ ਲਿਆ। ੧੮੭੫-੭੬

ਵਿਚ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਰਾਗਾਂ 'ਚੋਂ ਅੰਗਰੇਜ਼ੀ ਤਰਜਮਾ ਕੀਤਾ ਜਿਸ ਦੀ ਪੰਜਾਬ ਸ੍ਰਕਾਰ ਨੇ ਬੜੀ ਉਪਮਾ ਕੀਤੀ ਤੇ ੧੮੭੭ ਵਿਚ ਆਪ ਨੂੰ ਫਜ਼ਲ ਉਲ ਫੁਜਲਾ ਦਾ ਖਿਤਾਬ ਦਿਤਾ ਗਿਆ। ਗੁਰਮੁਖੀ, ਸੰਸਕ੍ਰਿਤ, ਫਾਰਸੀ ਤੇ ਅੰਗਰੇਜ਼ੀ ਦੇ ਆਲਮ ਹੋਵਨ ਕਾਰਨ ਆਪ ਜੀ ਨੇ ਭਦੌੜ ਵਿਖੇ ੧੮੭੮ ਵਿਚ ਬਹੁਤ ਉਤਮ ਤੇ ਵਡਾ ਪੁਸਤਕਾਲਜ ਬਣਾਇਆ ਤੇ ਇਹ ਜ਼ਬਾਨਾਂ ਪੜ੍ਹਾਉਣ ਲਈ ਇਕ ਸਕੂਲ ਭੀ ਖੋਲ੍ਹਿਆ ਜਿਥੇ ਵਿਦਯਾਰਥੀਆਂ ਕੋਲੋਂ ਕੋਈ ਫੀਸ ਨਹੀਂ ਸੀ ਲਈ ਜਾਂਦੀ, ਸਗੋਂ ਗਰੀਬਾਂ ਨੂੰ ਰੋਟੀ ਆਦਿ ਵਾਸਤੇ ਖਰਚ ਭੀ ਸ੍ਰਦਾਰ ਜੀ ਵਲੋਂ ਦਿਤਾ ਜਾਂਦਾ ਸੀ।

੧੮੮੦ ਚੜ੍ਹਦਿਆਂ ਹੀ ਆਪ ਨੂੰ ਸ੍ਰਕਾਰ ਵਲੋਂ ਸੀ. ਐਸ. ਆਈ. ਦਾ ਖਿਤਾਬ ਮਿਲਿਆ। ਇਸੇ ਸਾਲ ਆਪ ਬੰਗਾਲ ਸੰਗੀਤ ਸਭਾ ਦੇ ਮੈਂਬਰ ਬਣੇ। ਸ੍ਰੀ ਗੁਰੂ ਸਿੰਘ ਸਭਾ ਲਾਹੌਰ ਭੀ ਸ਼ੁਰੂ ਹੋਈ ਸੀ ਸੋ ਉਸ ਦੇ ਮੈਂਬਰ ਬਣ ਸੇਵਕਾਂ ਦਾ ਹੌਸਲਾ ਵਧਾਇਆ ਤੇ ਪੂਰੀ ਪੂਰੀ ਸੇਵਾ ਕੀਤੀ। ਵਿਛੜੇ ਸਿਖਾਂ ਨੂੰ ਆਪ ਫੜ ੨ ਸਿਖੀ ਦਾ ਰਾਹ ਦਿਖਾਉਂਦੇ ਸਨ। ਗਿਆਨੀ ਦਿਤ ਸਿੰਘ ਜੀ ਨੂੰ ਓਰੀਐਂਟਲ ਕਾਲਜ ਵਿਚ ਆਪ ਜੀ ਨੇ ਹੀ ਅਧਜਾਪਕ ਬਨਵਾਇਆ ਸੀ। ੧੮੮੩ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਬਣਾਏ ਗਏ। ੧੮੮੪ ਵਿਚ ਆਪ ਜੀ ਦੀ ਹਿੰਮਤ ਤੇ ਪ੍ਰਧਾਨਗੀ ਹੇਠ ਸ੍ਰੀ ਗੁਰੂ ਸਿੰਘ ਸਭਾ ਲੁਧਿਹਾਣਾ ਸ਼ੁਰੂ ਹੋਈ। ੧੮੮੭ ਵਿਕ ਆਪ ਨੂੰ ਮਹਾ ਮਹੋਪਾਧਜਾਧ ਤੇ ੧੮੮੮ ਵਿਚ ਕੇ. ਸੀ. ਐਸ. ਆਈ ਦੇ ਖਿਤਾਬ ਮਿਲੇ।

ਆਪ ਜੀ ਦੇ ਸਿਖੀ ਪ੍ਰੇਮ ਤੇ ਉਤਸ਼ਾਹ ਦੀ ਕਦਰ ਕਰਦੇ ਹੋਏ ਆਪ ਜੀ ਨੂੰ ਖਾਲਸਾ ਦੀਵਾਨ ਲਾਹੌਰ ਦਾ ੧੮੮੯ ਵਿਚ ਪ੍ਰਧਾਨ ਬਨਾਇਆ ਗਿਆ, ਇਸ ਫਰਜ਼ ਨੂੰ ਆਪ ਨੇ ਪੂਰੀ ਤਰ੍ਹਾਂ ਨਿਭਾਇਆ। ਮਾਲੀ ਸਹਾਇਤਾ ਸਭ ਤੋਂ ਵਧੇਰੇ ਕੀਤੀ। ਖਾਲਸਾ ਪ੍ਰੈਸ ਤੇ ਅਖਬਾਰ ਸ਼ਾਇਦ ਆਪ ਦੀ ਸਹਾਇਤਾ ਬਿਨਾਂ ਚਲਣੇ ਕਠਿਨ ਹੁੰਦੇ। ਖਾਲਸਾ ਕਾਲਜ ਅੰਮ੍ਰਿਤਸਰ ਦੇ ਚਲਾਉਣ ਵਾਲਿਆਂ ਚੋਂ ਆਪ ਸਭ ਤੋਂ ਵਡੇ

ਬਾਨੀ ਸਨ। ਖਾਲਸਾ ਕਾਲਜ ਅਸਥਾਪਨ ਕਮੇਟੀ ਬਨਣ ਵੇਲੇ ਆਪ ਉਸ ਦੇ, ਅੰਗਰੇਜ਼ ਪ੍ਰਧਾਨ ਹੋਵਣ ਕਾਰਨ ਮੀਤ ਪ੍ਰਧਾਨ ਬਨਾਏ ਗਏ ਸਨ। ਫੇਰ ਖਾਲਸਾ ਕਾਲਜ ਧਾਰਮਕ ਕਮੇਟੀ ਦੇ ਆਪ ਅਖੀਰ ਤਕ ਪ੍ਰਧਾਨ ਰਹੇ ਹਨ। ਇਸ ਸਾਰੀ ਸੇਵਾ ਦਾ, ਜਿਸ ਕਾਰਨ ਖਾਲਸਾ ਦੀਵਾਨ ਇਤਨਾ ਰੌਸ਼ਨ ਤੇ ਵਾਧੇ ਤੇ ਹੋਇਆ, ਕੁਝ ਹਾਲ ਪਿਛੇ ਦਸਿਆ ਜਾ ਚੁਕਾ ਹੈ।

ਆਪ ਬੜੇ ਭਾਰੀ ਵਿਦਵਾਨ ਤੇ ਕਵੀ ਸਨ ਤੇ ਇਸ ਦਾ ਲਾਭ ਆਪ ਨੇ ਸਿਖਾਂ ਨੂੰ ਉਤਾਂਹ ਦੂਕਣ ਲਈ ਪੂਰਾ ਪੂਰਾ ਜ਼ੋਰ ਲਾਵਨਾ ਸੀ। ਆਪ ਨੇ ਕਈ ਪੁਸਤਕਾਂ ਅੰਗਰੇਜ਼ੀ, ਪੰਜਾਬੀ, ਉਰਦੂ ਵਿਚ ਰਚੀਆਂ। ਹੇਠ ਲਿਖੀਆਂ ਪ੍ਰਸਿਧ ਹਨ:-

1. Sakhee Book—A description of Guru Gobind Singh's Religion & Doctrines
Medical Hall Press, Benaras, 1873
2. Travels of Guru Teg Bahadur & Govind Singh.
Indian Public Opinion Press, Allahbad, 1876.
3. Rayhit Nama of Prahlad Rai (Singh) & Nand Lal (Translation)
Albert Press, Lahore, 1876
੪. ਜਪੁਜੀ ਸਾਹਿਬ ਸਟੀਕ ਉਰਦੂ—੧੮੭੪
੫. 'ਤ੍ਵਾਰੀਖ਼ ਸਿਧੂ ਬੈਰਾੜਾਂ ਅਤੇ ਖਾਨਦਾਨ ਫੂਲ' ਆਪ ਦੀ ਖੋਜ ਸ਼ਕਤੀ ਦਾ ਪੰਜਾਬੀ ਨਮੂਨਾ ਹੈ।

ਆਪ ਜੀ ਦੇ ਦੋ ਸਪੁਤ੍ਰ ਸ੍ਰਦਾਰ ਭਗਵੰਤ ਸਿੰਘ ਜੀ ਤੇ ਸ੍ਰਦਾਰ ਬਲਵੰਤ ਸਿੰਘ ਜੀ ਸਨ। ਆਪ ਜੀ ਦੀ ਸਪੁਤ੍ਰੀ ਦਾ ਵਿਵਾਹ ਸ੍ਰਦਾਰ ਸੁੰਦਰ ਸਿੰਘ ਜੀ ਮਜੀਠਾ ਨਾਲ ਹੋਇਆ ਜਿਸ ਉਪਰੰਤ ਮਜੀਠੀਆ ਸਾਹਿਬ ਭੀ ਪੰਥਕ ਸੇਵਾ ਵਿਚ ਅਗੇ ਹੋਏ। ਪਹਿਲੇ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਤੇ ਫੇਰ ਚੀਫ ਖਾਲਸਾ ਦੀਵਾਨ ਦੇ ਸਕੱਤ੍ਰ ਬਨੇ।

ਅੰਤ ਸ੍ਰਦਾਰ ਸਾਹਿਬ ਅਪਨਾ ਜੀਵਨ ਸਫਲਾ ਕਰਦੇ ੧੦ ਜੂਨ ੧੮੯੬ ਵਿਚ ਇਸ ਅਸਾਰ ਸੰਸਾਰ ਤੋਂ ਕੂਚ ਕਰ ਗਏ।

ਗਿਆਨੀ ਦਿਤ ਸਿੰਘ ਜੀ—

ਆਪ ਸ੍ਰੀ ਗੁਰੂ ਸਿੰਘ ਸਭਾ ਲਹਿਰ ਨੂੰ ਚਮਕਾਉਨ ਵਾਲੇ ਤੇ ਪ੍ਰੋ: ਗੁਰਮਖ ਸਿੰਘ ਜੀ ਦੇ ਹਰ ਕੰਮ ਵਿਚ ਉਹਨਾਂ ਦੀ ਸਜੀ ਬਾਂਹ ਸਨ। ਮੁਰਦਾ ਹੋਈ ਕੌਮ ਵਿਚ ਇਤਨੀ ਛੇਤੀ ਜਾਗਰਤ ਪੈਦਾ ਕਰਨੀ ਆਪ ਦੀ ਕਲਮ ਤੇ ਜ਼ਬਾਨ ਦਾ ਹੀ ਕੰਮ ਸੀ। ਜਿਸ ਕਰ ਕੇ ਆਪ ਜੀ ਦਾ ਪਵਿਤ੍ਰ ਨਾਉਂ ਹਮੇਸ਼ਾ ਲਈ ਸਿਖ ਇਤਿਹਾਸ ਵਿਚ ਅਮਰ ਰਹੇਗਾ।

ਆਪ ਜੀ ਦੇ ਪਿਤਾ ਭਾਈ ਰਾਮ ਸਿੰਘ ਜੀ ਕਪੜਾ ਬੁਣ ਕੇ ਨਿਰਬਾਹ ਕਰਦੇ ਸਨ ਤੇ ਅਖੌਤੀ ਛੂਤ ਰਾਮਦਾਸੀਆ ਘਰਾਣੇ ਨਾਲ ਸੰਬੰਧ ਰਖਦੇ ਸਨ। ਗਿਆਨੀ ਜੀ ਦਾ ਜਨਮ ੧੮੫੩ ਈ: ਨੂੰ ਪਿੰਡ ਅਨੰਦਪੁਰ ਕਲੌੜ ਰਿਆਸਤ ਪਟਿਆਲੇ ਵਿਚ ਹੋਇਆ। ਆਪ ਜੀ ਦੇ ਬਜ਼ੁਰਗ ਦੀਪਾਲਪੁਰ (ਦੁਆਬਾ) ਤੋਂ ਆ ਕੇ ਅਨੰਦਪੁਰ ਕਲੌੜ ਵਿਚ ਆਬਾਦ ਹੋਏ ਸਨ।

ਗਿਆਨੀ ਜੀ ਨੂੰ ਬਾਲਪਨ ਤੋਂ ਹੀ ਵਿਦਿਆ ਪੜ੍ਹਨ ਦਾ ਬੜਾ ਚਾ ਸੀ। ਨੌਂ ਸਾਲ ਦੀ ਉਮਰ ਵਿਚ ਘਰ ਛਡ ਆਪ ਸੰਤ ਗੁਰਬਖਸ਼ ਸਿੰਘ ਜੀ ਗੁਲਾਬ ਦਾਸੀਏ ਪਾਸ ਪਿੰਡ ਤੇਉੜ ਜ਼ਿਲਾ ਅੰਬਾਲਾ ਵਿਚ ਪੜ੍ਹਨ ਬੈਠੇ। ਥੋੜੇ ਸਮੇਂ ਅੰਦਰ ਹੀ ਆਪ ਜੀ ਨੇ ਵੇਦਾਂਤ, ਪਿੰਗਲ ਅਤੇ ਹੋਰ ਅਨੇਕ ਧਾਰਮਕ ਗ੍ਰੰਥ ਪੜ੍ਹ ਲਏ। ਆਪ ਪੜ੍ਹਨ ਵਿਚ ਬਹੁਤ ਹੁਸ਼ਿਆਰ ਸਨ ਤੇ ਹਰ ਇਕ ਗਲ ਨੂੰ ਬਹੁਤ ਚੰਗੀ ਤਰ੍ਹਾਂ ਝਟ ਪਟ ਸਮਝ ਭੀ ਜਾਂਦੇ ਸਨ। ਗਿਆਨੀ ਜੀ ਨੇ ਉਰਦੂ ਦੀ ਵਿਦਿਆ ਦਇਆ ਚੰਦ ਖਤਰੀ ਪਿੰਡ ਤੇਉੜ ਵਾਲਿਆਂ ਤੋਂ ਪੜ੍ਹੀ। ਵਡੇ ੨ ਪੰਡਤਾਂ, ਗਿਆਨੀਆਂ, ਸਾਧੂਆਂ, ਸੰਤਾਂ ਦੀ ਸੰਗਤ ਨਾਲ ਆਪ ਵਿਦਿਆ ਵਿਚ ਨਿਪੁਨ ਹੋ ਗਏ ਤੇ ਵੇਦਾਂਤ ਦਾ ਪ੍ਰਚਾਰ ਸ਼ੁਰੂ ਕੀਤਾ।

ਛੋਟੇ ਹੁੰਦਿਆਂ ਦੀ ਸੰਗਤ ਕਰ ਕੇ ਆਪ ੧੬–੧੭ ਬਰਸ ਦੀ ਉਮਰ ਵਿਚ ਹੀ ਚਠਿਆਂ ਵਾਲੇ ਡੇਰੇ ਜ਼ਿਲਾ ਲਾਹੌਰ, ਜੋ ਗੁਲਾਬ ਦਾਸੀਆਂ ਦਾ ਅੱਡਾ ਸੀ, ਚਲੇ ਗਏ। ਸੰਤ ਦੇਸਾ ਸਿੰਘ ਜੀ ਦੇ ਅਸਰ ਹੇਠ ਗੁਲਾਬ

ਦਾਸੀ ਮਤ ਦਾ ਉਪਦੇਸ਼ ਗ੍ਰਹਿਣ ਕਰ ਕੇ ਆਪ ਨੇ ਫਕੀਰੀ ਦਸ਼ਾ ਸਾਧੀ ਤੇ ਕਾਫੀ ਦੇਰ ਤਕ ਆਪਣੇ ਖਿਆਲਾਂ ਦਾ ਪ੍ਰਚਾਰ ਕੀਤਾ।

ਕੁਝ ਸਮਾਂ ਬੀਤਨ ਪਿਛੋਂ ਆਪ ਜੀ ਦੇ ਸਾਥੀ ਭਾਈ ਜਵਾਹਰ ਸਿੰਘ ਜੀ, ਜੋ ਉਸ ਵੇਲੇ ਗੁਲਾਬ ਦਾਸ ਦੇ ਹੀ ਚੇਲੇ ਸਨ, ਲਾਹੌਰ ਆ ਗਏ ਤੇ ਆਰਯਾ ਸਮਾਜੀ ਬਨ ਗਏ। ਭਾਈ ਦਿਤ ਸਿੰਘ ਜੀ ਅਜੇ ਫਕੀਰੀ ਦੀ ਹਾਲਤ ਵਿਚ ਹੀ ਸਨ। ਪਰ ਬਹੁਤ ਵੇਰ ਆਪਣੇ ਪੁਰਾਣੇ ਗੁਰ-ਭਾਈ ਸ੍ਰ: ਜਵਾਹਰ ਸਿੰਘ ਜੀ ਨੂੰ ਮਿਲਣ ਲਈ ਲਾਹੌਰ ਆਉਂਦੇ ਤੇ ਬਹੁਤ ਧਰਮ ਚਰਚਾ ਕਰਦੇ ਸਨ। ਆਪਸ ਦੇ ਵਿਚਾਰ ਨਾਲ ਹੌਲੀ ੨ ਭਾਈ ਜਵਾਹਰ ਸਿੰਘ ਜੀ ਦਾ ਪਲੜਾ ਭਾਰੀ ਹੁੰਦਾ ਗਿਆ ਤੇ ਫੇਰ ਭਾਈ ਦਿਤ ਸਿੰਘ ਜੀ ਨੇ ਭੀ ਪਹਿਲੀ ਅਵਸਥਾ ਦਾ ਤਿਆਗ ਕਰ ਕੇ ਲਾਹੌਰ ਆ ਡੇਰਾ ਕੀਤਾ। ਭਾਈ ਜਵਾਹਰ ਸਿੰਘ ਜੀ ਇਸ ਸਮੇਂ ਆਰਯਾ ਸਮਾਜ ਦੇ ਮਸ਼ਹੂਰ ਸੇਵਕ ਤੇ ਸਕੱਤ੍ਰ ਸਨ, ਇਨ੍ਹਾਂ ਦਾ ਸਹਾਇਤਾ ਨਾਲ ਭਾਈ ਦਿਤ ਸਿੰਘ ਜੀ ਨੇ ਓਰੀਐਂਟਲ ਕਾਲਜ ਵਿਚ ਦਾਖਲ ਹੋ 'ਗਯਾਨੀ' ਦਾ ਇਮਤਿਹਾਨ ਪਾਸ ਕੀਤਾ ਤੇ ਫੇਰ ਇਸੇ ਕਾਲਜ ਵਿਚ ਹੀ ਸਰ ਸ੍ਰ: ਅਤਰ ਸਿੰਘ ਜੀ ਭਦੌੜ ਦੀ ਸਹਾਇਤਾ ਨਾਲ ਮੁਲਾਜ਼ਮ ਹੋ ਗਏ।

ਭਾਈ ਜਵਾਹਰ ਸਿੰਘ ਜੀ ਦੇ ਸਾਥ ਨੇ ਗਿਆਨੀ ਜੀ ਨੂੰ ਆਰਯਾ ਸਮਾਜ ਦੀ ਕਾਫੀ ਸੂਝ ਦਿਤੀ ਸੀ। ਕੁਝ ਚਿਰ ਪਿਛੋਂ ਸੁਆਮੀ ਦਯਾ ਨੰਦ ਨਾਲ ਇਹਨਾਂ ਨੇ ਧਰਮ ਚਰਚਾ ਕੀਤੀ ਤੇ ਸੁਆਮੀ ਜੀ ਦੇ ਪੰਜਾਬ ਤੋਂ ਜਾਨ ਦੇ ਪਿਛੋਂ ਆਪ ਆਰਯਾ ਸਮਾਜ ਵਿਚ ਉਪਦੇਸ਼ ਤੇ ਵਿਖਯਾਨ ਦੇਂਦੇ ਰਹੇ।

ਇਸ ਸਮੇਂ ਪ੍ਰੋ: ਗੁਰਮੁਖ ਸਿੰਘ ਜੀ ਭੀ ਓਰੀਐਂਟਲ ਕਾਲਜ ਵਿਚ ਪੜ੍ਹਾਉਂਦੇ ਸਨ। ਗਿਆਨੀ ਜੀ ਨੂੰ ਉਹਨਾਂ ਦਾ ਸੰਗ ਹੋਇਆ, ਪ੍ਰੋਫੈਸਰ ਜੀ ਨੇ ਗਿਆਨੀ ਜੀ ਨੂੰ ਖਾਲਸਾ ਕੌਮ ਦੀ ਉਚੀ ਸੁਚੀ ਪਰ ਉਸ ਸਮੇਂ ਗਿਰੀ ਹੋਈ ਹਾਲਤ ਦਾ ਨਕਸ਼ਾ ਅਜਿਹਾ ਖਿਚ ਕੇ ਵਖਾਇਆ ਅਤੇ ਰੋਜ ਰੋਜ ਦੇ ਉਪਦੇਸ਼ ਦਾ ਇਹ ਫਲ ਹੋਇਆ ਕਿ ਗਿਆਨੀ ਜੀ ਨੂੰ ਅਸਲੀਅਤ ਨਜ਼ਰ ਆਈ ਤੇ ਆਪ ਨੇ ਮੁੜ ਆਪਨਾ ਸਿਖੀ ਧਰਮ ਦਾ ਖਿਆਲ ਕੀਤਾ ਅਤੇ ਹੋਰਨਾਂ ਪਾਸਿਆਂ ਵਲੋਂ ਹਟਾ ਕੇ ਸਿੰਘ ਸਭਾ ਵਿਚ

ਕੰਮ ਕਰਨ ਲਗ ਪਏ ਤੇ ਲੋੜ ਪੈਣ ਤੇ ਪੂਰੇ ਭੇਤੀ ਹੋਵਣ ਕਰ ਕੇ ਅਨਮਤੀਆਂ ਤੇ ਆਰੀਯਾ ਸਮਾਜੀਆਂ ਵਲੋਂ ਸਿਖ ਧਰਮ ਤੇ ਕੀਤੇ ਹੱਲਿਆਂ ਦਾ ਮੂੰਹ ਤੋੜ ਉਤਰ ਦਿਤਾ।

ਆਪ ਜੀ ਦੀ ਵਿਦਵਤਾ, ਲਿਖਣ ਤੇ ਬੋਲਣ ਦੀ ਸ਼ਕਤੀ ਦਾ ਸਿੱਕਾ ਆਪ ਦੇ ਵਿਰੋਧੀ ਭੀ ਮੰਨਦੇ ਸਨ। ਪ੍ਰੋ: ਗੁਰਮੁਖ ਸਿੰਘ ਜੀ ਨੂੰ ਭੀ ਅਜੇਹੀ ਹੀ ਲੋੜ ਸੀ। ਥਾਂ ਥਾਂ ਫਿਰਕੇ ਤੇ ਅਨੇਕ ਕਸ਼ਟ ਸਹਿਕੇ ਆਪ ਨੇ ਸਿਖ ਧਰਮ ਦਾ ਪ੍ਰਚਾਰ ਕੀਤਾ। ਭਾਈਚਾਰਕ ਤੇ ਧਾਰਮਿਕ ਸੁਧਾਰ ਲਈ ਕਈ ਪੁਸਤਕਾਂ ਲਿਖੀਆਂ।

ਪ੍ਰੋ: ਗੁਰਮੁਖ ਸਿੰਘ ਜੀ ਦੀ ਖਾਲਸਾ ਦੀਵਾਨ ਅੰਮ੍ਰਿਤਸਰ ਬਨਾਉਣ ਦੀ ਹਿੰਮਤ, ਫੇਰ ਮਤ ਭੇਦ ਹੋ ਜਾਨ ਤੇ ਖਾਲਸਾ ਦੀਵਾਨ ਲਾਹੌਰ ਬਨਾਉਣਾ ਤੇ ਇਸ ਦੀ ਸੇਵਾ ਦਾ ਸੰਛੇਪ ਹਾਲ ਅਗੇ ਦਸਿਆ ਜਾ ਚੁਕਾ ਹੈ। ਗਿਆਨੀ ਜੀ ਦੀ ਕਲਮ ਤੇ ਭਰੋਸਾ ਰਖ ਕੇ ਖਾਲਸਾ ਦੀਵਾਨ ਲਾਹੌਰ ਨੇ ਕੰਵਰ ਬਿਕ੍ਰਮਾ ਸਿੰਘ ਜੀ ਰਈਸ ਜਾਲੰਧਰ ਦੀ ਵਡੀ ਉਦਾਰਤਾ ਤੇ ਮਦਦ ਨਾਲ ੧੮੮੫ ਵਿਚ ਖਾਲਸਾ ਪ੍ਰੈਸ ਤੇ ੧੮੮੬ ਵਿਚ ਗੁਰਮੁਖੀ ਖਾਲਸਾ ਅਖਬਾਰ ਜਾਰੀ ਕੀਤੇ। ੧੮੮੭ ਵਿਚ ਭਾਈ ਗੁਰਮੁਖ ਸਿੰਘ ਜੀ ਨੂੰ ਸੁਧਾਰਾਰਕ ਰਸਾਲੇ ਵਿਚ ਮੂਰਤੀ ਪੂਜਾ ਦਾ ਖੰਡਨ ਕਰਨ ਬਦਲੇ ਸਣੇ ਸਾਥੀਆਂ ਦੇ ਪੰਥ ਚੋਂ ਖਾਰਜ ਕੀਤੇ ਜਾਣਾ, ਗਿਆਨੀ ਜੀ ਪ੍ਰੋਫੈਸਰ ਸਾਹਿਬ ਦੀ ਮਦਦ ਤੇ 'ਸ੍ਵਪਨ ਨਾਟਕ' ਛਾਪਨ ਉਪ੍ਰੰਤ ਗਿਆਨੀ ਜੀ ਤੇ ਮੁਕਦਮਾ ਡੇਢ ਸਾਲ ਚਲਿਆ ਤੇ ੫੧) ਰੁਪਏ ਜੁਰਮਾਨਾ ਹੋਇਆ ਪਰ ਸੈਸ਼ਨ ਕੋਰਟ ਵਿਚ ਅਪੀਲ ਹੋਵਨ ਤੇ ਬਰੀ ਕੀਤੇ ਜਾਵਨ ਦਾ ਹਾਲ ਭੀ ਦਸਿਆ ਜਾ ਚੁਕਾ ਹੈ। ਆਰੀਆ ਸਮਾਜੀਆਂ ਵਲੋਂ ਭੀ 'ਭਾਈ ਦਿਤ ਸਿੰਘ ਦੀ ਕੁਕੜੂੰ ਘੂੰ' ਆਦਿ ਕਈ ਵਿਰੋਧੀ ਪੁਸਤਕ ਛਪੇ। ਇਹਨਾਂ ਦੁਖਾਂ ਕਰਕੇ ਕਈ ਸਜਨ ਛਡ ਗਏ ਤੇ ਅਖਬਾਰ ਵਾ ਪ੍ਰੈਸ ਭੀ ਬੰਦ ਕਰਨੇ ਪਏ, ਪਰ ਪ੍ਰੋਫੈਸਰ ਜੀ ਦੇ ਨਾਲ ਰਲ ਆਪ ਨੇ ਦਿਲ ਤਕੜਾ ਕੀਤਾ ਤੇ ਭਾਈ ਕਾਨ੍ਹ ਸਿੰਘ ਜੀ ਦੀ ਮਦਦ ਨਾਲ ਨਾਭੇ ਤੋਂ ਰੁਪਯਾ ਲਿਆ ਫਿਰ ੧ ਮਈ ੧੮੯੩ ਤੋਂ ਖਾਲਸਾ ਅਖਬਾਰ ਤੇ ਮਈ ੧੮੯੫ ਤੋਂ ਖਾਲਸਾ ਪ੍ਰੈਸ

ਸਿੰਘ ਮੈਗਜ਼ੀਨ, ਭਾਈ ਦਿਤ ਸਿੰਘ ਪ੍ਰਾਬੀਜ ਆਦਿ। ਪਰ ਸਭ ਤੋਂ ਵਧੇਰੇ ਯਾਦ ਉਹ ਗਿਆਨੀ ਜੀ ਆਪ ਆਪਣੀਆਂ ਰਚਿਤ ਪੁਸਤਕਾਂ ਤੇ ਕੀਤੀ ਸੇਵਾ ਵਿਚ ਛਡ ਗਏ। ਅਫਸੋਸ ਕਿ ਉਹ ਅਦੁਤੀ ਪੁਸਤਕਾਂ ਭੀ ਸਾਰੀਆਂ ਕਿਧਰੇ ਨਜ਼ਰ ਨਹੀਂ ਆਉਂਦੀਆਂ–ਆਪ ਜੀ ਦੀਆਂ ਰਚਿਤ ਮਸ਼ਹੂਰ ਪੁਸਤਕਾਂ ਸਭ ਪੰਜਾਬੀ ਵਿਚ ਹੀ ਹਨ ਪਰ ਕਈਆਂ ਦਾ ਤਰਜਮਾ ਉਰਦੂ ਵਿਚ ਭੀ ਛਪਿਆ ਹੋਇਆ ਹੈ। ਪੁਸਤਕਾਂ ਇਹ ਹਨ:–ਨਾਨਕ ਪ੍ਰਬੋਧ, ਰਾਜ ਪ੍ਰਬੋਧ, ਸੁਲਤਾਨ ਪੁਆੜਾ, ਭਾਰਤ ਮੰਗਲ, ਕਲਗੀਧਰ ਉਪਕਾਰ, ਅੰਮ੍ਰਿਤ ਵਧਾਈ, ਦੁਰਗਾ ਪ੍ਰਬੋਧ, ਗੁਰਮਤ ਆਰਤੀ ਪ੍ਰਬੋਧ, ਮੇਰਾ ਅਤੇ ਸਾਧੂ ਦਯਾ ਨੰਦ ਜੀ ਦਾ ਸੰਬਾਦ, ਤਾਰਾ ਸਿੰਘ ਵਾਈਏ ਦੀ ਸ਼ਹੀਦੀ, ਸਿਖ ਬੱਚੇ ਦੀ ਸ਼ੀਹੀਦੀ, ਗੁਰੂ ਅਰਜਨ ਦੇਵ ਚਰਿਤ੍ਰ, ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸਿੰਘਣੀਆਂ ਦੇ ਸਿਦਕ, ਡਰਪੋਕ ਸਿੰਘ, ਸਬੇਗ ਸਿੰਘ ਦੀ ਸ਼ਹੀਦੀ, ਮੀਰਾਂ ਕੋਟੀਏ ਮਤਾਬ ਸਿੰਘ ਦੀ ਬਹਾਦਰੀ, ਭਾਈ ਤਾਰੂ ਸਿੰਘ ਦੀ ਸ਼ਹੀਈ, ਧਰਮ ਦਰਪਣ, ਬੋਤਾ ਸਿੰਘ ਦੀ ਸ਼ਹੀਦੀ, ਨਕਲੀ ਸਿਖ ਪ੍ਰਬੋਧ, ਗੁਗਾ ਗਪੌੜਾ, ਦੰਭ ਵਿਦਾਰਨ, ਹਮ ਹਿੰਦੂ ਨਹੀਂ, ਪੰਥ ਪ੍ਰਬੋਧ, ਸਮਸਿਆ ਪੂਰਤੀ, ਸਗਦਪਰ ਸੈਲਾਨੀ ਸਿੰਘ ਦੋ ਹਿਸੇ, ਪੰਮਾ ਪ੍ਰਬੋਧ, ਪ੍ਰਤਗਜ਼ਾ ਪਾਲਨ, ਆਦਿ।

ਭਾਈ ਜਵਾਹਰ ਸਿੰਘ ਜੀ ਕਪੂਰ–

ਆਪ ਭਾ: ਹਰੀ ਸਿੰਘ ਜੀ ਦੇ ਸਪੁਤ੍ਰ ਭਾ: ਮੋਹਰ ਸਿੰਘ ਜੀ ਦੇ ਪੋਤ੍ਰੇ ਤੇ ਭਾਈ ਆਤਮਾ ਸਿੰਘ ਜੀ ਦੇ ਸਪੁਤ੍ਰ ਤੇ ਗੁਜਰਾਂਵਾਲੇ ਦੇ ਵਸਨੀਕ ਸਨ।

ਆਪ ਜੀ ਨੇ ਛੋਟੀ ਅਵਸਥਾ ਵਿਚ ਹੀ ਘਰ ਦਾ ਤਿਆਗ ਕਰ ਕੇ ਭਾ: ਬਹਾਦਰ ਸਿੰਘ ਜੀ ਗੁਲਾਬ ਦਾਸੀਏ ਦਾ ਸੰਗ ਕੀਤਾ ਤੇ ਦੂਰ ਦੂਰ ਦੀ ਸੈਰ ਕੀਤੀ। ਇਥੇ ਹੀ ਆਪ ਜੀ ਦਾ ਭਾਈ ਦਿਤ ਸਿੰਘ ਜੀ ਨਾਲ ਮੇਲ ਮਿਲਾਪ ਹੋਇਆ, ਪਰ ਥੋੜੇ ਚਿਰ ਪਿਛੋਂ ਆਪ ਆਰੀਆ ਸਮਾਜੀ ਹੋਏ। ੧੩ ਸਤੰਬਰ ੭੯ ਨੂੰ ਮੈਂਬਰ ਬਣ ਲਾਹੌਰ ਦੇ ਆਰੀਆ ਸਮਾਜ ਦੇ ਸਕੱਤ੍ਰ ਬਣੇ ਤੇ ੨੯ ਮਈ ੧੮੮੩ ਨੂੰ ਅਸਤੀਫ਼ਾ ਦਿਤਾ; ਪਰ ਨਵੰਬਰ ੧੮੮੩

ਸਵਾਮੀ ਦਯਾ ਨੰਦ ਦੀ ਯਾਦ ਵਿਚ ਆਰੀਆ ਕਾਲਜ ਬਣਾਉਣ ਲਈ ਚੰਦਾ ਇਕੱਤ੍ਰ ਕਰਨ ਦੀ ਕਮੇਟੀ ਬਣੀ ਤਾਂ ਆਪ ਫਿਰ ਇਸ ਦੇ ਸਕੱਤ੍ਰ ਨੀਯਤ ਹੋਏ। ਆਰੀਆ ਸਮਾਜ ਦੇ ਇਸ ਸਮੇਂ ਆਪ ਉਘੇ ਸੇਵਕ ਸਨ। ੧੮੮੪ ਵਿਚ ਸਤਯਾਰਥ ਪ੍ਰਕਾਸ਼ ਆਰੀਆ ਸਮਾਜ ਵਲੋਂ ਪ੍ਰਕਾਸ਼ਤ ਹੋਇਆ। ਸੰਨ ੧੮੮੫ ਵਿਚ ਆਪ 'ਆਰੀਆ ਪੱਤ੍ਰਕਾ' ਅਖਬਾਰ ਦੀ ਕਮੇਟੀ ਦੇ ਮੈਂਬਰ ਬਣੇ। ੧੮੮੬ ਵਿਚ ਭਾਈ ਜਵਾਹਰ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮ੍ਰਿਤੂ ਹੋ ਜਾਣ ਕਰ ਕੇ ਆਪ ਨੇ ਗ੍ਰੰਥੀ ਬਣਨ ਲਈ ਅਰਜ਼ੀ ਕੀਤੀ, ਪਰ ਆਰੀਆ ਸਮਾਜੀ ਹੋਵਣ ਕਾਰਨ ਸਫਲਤਾ ਨਾ ਹੋਈ।

ਇਸ ਸਮੇਂ ਖਾਲਸਾ ਦੀਵਾਨ ਲਾਹੌਰ ਬਣਾਇਆ ਗਿਆ। ਪ੍ਰੋਫੈਸਰ ਗੁਰਮੁਖ ਸਿੰਘ ਜੀ ਤੇ ਭਾਈ ਦਿਤ ਸਿੰਘ ਜੀ ਦੀ ਕ੍ਰਿਪਾ ਨਾਲ ਆਪ ਸਿੰਘ ਸਭਾ ਲਾਹੌਰ ਵਿਚ ਵਧ ਚੜ੍ਹ ਕੇ ਹਿਸਾ ਲੈਣ ਲਗ ਪਏ। ਖਾਲਸਾ ਦੀਵਾਨ ਲਾਹੌਰ ਦੇ ਪ੍ਰਬੰਧਕਾਂ ਵਿਚ ਭੀ ਆਪ ਹੋਏ। ਹੁਣ ਆਪ ਜੀ ਨੇ ਸਿਖ ਧਰਮ ਤੇ ਵਿਦਿਆ ਦੀ ਉੱਨਤੀ ਕਰਨ ਹਿਤ ਵਧ ਤੋਂ ਵਧ ਸੇਵਾ ਕੀਤੀ।

ਖਾਲਸਾ ਕਾਲਜ ਅੰਮ੍ਰਿਤਸਰ ਦੀ ਪਹਿਲੀ ਕੌਂਸਲ ਜੋ ੧੪ ਅਪ੍ਰੈਲ ੧੮੯੨ ਨੂੰ ਰਜਿਸਟਰਡ ਹੋਈ, ਉਸ ਦੇ ਆਪ ਸਕੱਤ੍ਰ ਬਣੇ ਤੇ ੧੯੦੨ ਤਕ ਆਪ ਇਹ ਸੇਵਾ ਕਰਦੇ ਰਹੇ। ਉਸ ਸਮੇਂ ਦੇ ਸੇਵਕਾਂ ਨਾਲ ਅਣਬਣਤ ਹੋ ਜਾਵਣ ਕਰ ਕੇ ਆਪ ਪੰਥ ਸੇਵਾ ਵਿਚ ਘਟ ਵਧ ਹਿਸਾ ਲੈਣ ਲਗੇ ਤੇ ੧੯੦੨ ਵਿਚ ਆਪ ਦੀ ਥਾਂ ਖਾਲਸਾ ਕਾਲਜ ਕੌਂਸਲ ਦੇ ਸਕੱਤ੍ਰ ਸ੍ਰਦਾਰ ਸੁੰਦਰ ਸਿੰਘ ਜੀ ਮਜੀਠੀਆ ਬਣੇ।

ਆਪ ਪੰਜਾਬ ਯੂਨੀਵਰਸਿਟੀ ਦੇ ਫੈਲੋ, ਟੈਕਸਟ ਬੁਕ ਕਮੇਟੀ ਦੇ ਮੈਂਬਰ, ਪੰਜਾਬੀ ਦੇ ਇਮਤਿਹਾਨ ਕਾਰ, ਕਈ ਪੁਸਤਕਾਂ ਦੇ ਲੇਖਕ ਤੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਪ੍ਰਧਾਨ ਭੀ ਰਹੇ ਸਨ।

ਕੁਝ ਸਮਾਂ ਬੀਮਾਰ ਰਹਿ ਆਪ ਜੀ ੧੪ ਮਈ ੧੯੧੦ ਨੂੰ ਅਕਾਲ ਚਲਾਣਾ ਕਰ ਗਏ।

ਸ੍ਰ. ਬ. ਭਾਈ ਕਾਨ੍ਹ ਸਿੰਘ ਜੀ ਨਾਭਾ:—

ਆਪ ਜੀ ਸਿੰਘ ਸਭਾ ਲਹਿਰ ਦੇ ਬਾਨੀਆਂ ਜਾਂ ਚਲਾਵਨ ਵਾਲਿਆਂ ਚੋਂ ਨਹੀਂ ਸਨ ਪਰ ਖਾਲਸਾ ਦੀਵਾਨ ਲਾਹੌਰ ਬਨਣ ਉਪਰੰਤ ਪ੍ਰੋ: ਗੁਰਮੁਖ ਸਿੰਘ ਜੀ ਨੂੰ ਸਿਖ ਰਿਆਸਤਾਂ ਤੇ ਖਾਸ ਕਰ ਨਾਭੇ ਵਿਚ ਪ੍ਰਤਿਸ਼ਟਾ ਤੇ ਇੱਜ਼ਤ ਦਿਵਾਉਣੀ ਆਪ ਦਾ ਹੀ ਕੰਮ ਸੀ ਜਿਸ ਕਰ ਕੇ ਸਿੰਘ ਸਭਾ ਲਹਿਰ ਨੂੰ ਇਹ ਕਾਮਯਾਬੀ ਹਾਸਲ ਹੋਈ। ਮਕਾਲਿਫ ਸਾਹਿਬ ਨੂੰ ਸਿਖ ਇਤਿਹਾਸ ਲਿਖਣ ਤੇ ਛਪਨ ਵਿਚ ਸਭ ਤੋਂ ਮਦਦ ਆਪ ਜੀ ਵਲੋਂ ਹੀ ਮਿਲੀ ਸੀ। ਸਰ ਅਤਰ ਸਿੰਘ ਜੀ ਰਈਸ ਭਦੌੜ ਤੇ ਮਹਾਰਾਜਾ ਸਾਹਿਬ ਹੀਰਾ ਸਿੰਘ ਜੀ ਨਾਭਾ ਦੀ ਸੁਲ੍ਹਾ ਸਫਾਈ ਕਰਾ ਕੇ ਖਾਲਸਾ ਕਾਲਜ ਅੰਮ੍ਰਿਤਸਰ ਕਾਇਮ ਕਰਨ ਵਿਚ ਭੀ ਆਪ ਜੀ ਦਾ ਭਾਰੀ ਹਿਸਾ ਸੀ। ਸਿਖ ਧਰਮ ਨੂੰ ਹਿੰਦੂ ਮਿਲ-ਗੋਭਾ ਚੋਂ ਕਢਣ ਲਈ, ਜਿਸ ਹਿੰਮਤ ਨਾਲ 'ਹਮ ਹਿੰਦੂ ਨਹੀਂ' ਪੁਸਤਕ ਲਿਖ ਪ੍ਰਕਾਸ਼ਤ ਕੀਤੀ ਸੀ, ਆਪ ਜੀ ਨੂੰ ਫਖਰ ਸੀ। ਇਹ ਸਾਰੀਆਂ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਕਰ ਕੇ ਇਹ ਜ਼ਰੂਰੀ ਪ੍ਰਤੀਤ ਹੁੰਦਾ ਹੈ ਕਿ ਸਿੰਘ ਸਭਾ ਲਹਿਰ ਦਾ ਸੰਛੇਪ ਬਿਰਤਾਂਤ ਲਿਖਣ ਲਗੇ ਭੀ ਆਪ ਜੀ ਦਾ ਨਾਉਂ ਅਖਾਂ ਅਗੋਂ ਓਹਲੇ ਨਾ ਕੀਤਾ ਜਾਵੇ।

ਆਪ ਜੀ ਦਾ ਜਨਮ ੧੧ ਭਾਦਰੋਂ ੧੯੧੮ (ਸੰਨ ੧੮੬੧) ਨੂੰ ਬਾਬਾ ਨਰੈਣ ਸਿੰਘ ਜੀ ਦੇ ਘਰ ਨਾਭਾ ਵਿਖੇ ਹੋਇਆ। ਛੋਟੀ ਉਮਰਾ ਵਿਖੇ ਹੀ ਆਪ ਜੀ ਦੀ ਵਿਦਿਆ ਸ਼ੁਰੂ ਹੋਈ ਪਰ ਕਿਸੇ ਬਾਕਾਇਦਾ ਸਕੂਲ ਵਿਚ ਨਹੀਂ। ਪਹਿਲਾਂ ਇਕ 'ਪੂਰਨ ਬ੍ਰਹਮ ਗਿਆਨੀ ਭਾਈ ਭੂਪ ਸਿੰਘ ਜੀ ਪਾਸੋਂ ਸਿਖਿਆ ਲੈਂਦੇ ਰਹੇ ਫੇਰ ਪਿਤਾ ਜੀ ਪਾਸੋਂ ਸਿਖ ਧਰਮ ਸੰਬੰਧੀ ਪੁਸਤਕਾਂ ਪੜ੍ਹੀਆਂ। ਦਸ ਸਾਲ ਦੀ ਉਮਰ ਵਿਚ ਬਾਵਾ ਕਲਿਆਣ ਦਾਸ ਨਾਭਾ ਪਾਸੋਂ ਸੰਸਕ੍ਰਿਤ ਪੜ੍ਹਨੀ ਸ਼ੁਰੂ ਕੀਤੀ। ਉਨ੍ਹਾਂ ਦਿਨਾਂ ਵਿਚ ਨਾਭਾ ਦਰਬਾਰ ਵਿਚ ਕੁਝ ਪੰਡਿਤ ਮੌਜੂਦ ਸਨ ਜਿਨ੍ਹਾਂ ਪਾਸੋਂ ਆਪ ਨੇ ਸੰਗੀਤ, ਵੇਦਾਂਤ, ਕਵਿਤਾ, ਫਿਲਾਸਫੀ ਤੇ ਬ੍ਰਹਮ ਗਿਆਨੀ ਦੀ ਵਿਦਿਆ ਪ੍ਰਾਪਤ ਕੀਤੀ। ਦਸ ਸਾਲਾਂ ਵਿਚ ਸੰਸਕ੍ਰਿਤ ਤੇ ਬ੍ਰਿਜ ਭਾਸ਼ਾ ਦੇ

ਪ੍ਰਸਿਧ ਆਲਮ ਬਣ ਗਏ । ਢਾਈ ਸਾਲ ਲਖਨਊ, ਦਿਲੀ ਤੇ ਲਾਹੌਰ ਵਿਖੇ ਅੰਗਰੇਜ਼ੀ ਤੇ ਫਾਰਸੀ ਸਿਖੀ। ਲਾਹੌਰ ਆਪ ਜੀ ੧੮੮੩ ਵਿਚ ਪੁਜੇ ਜਦ ਖਾਲਸਾ ਦੀਵਾਨ ਅੰਮ੍ਰਿਤਸਰ ਬਨ ਚੁਕਾ ਸੀ । ਇਥੋਂ ਆਪ ਜੀ ਦਾ ਮੇਲ ਤੇ ਪ੍ਰੇਮ ਪਿਆਰ ਪ੍ਰੋ: ਗੁਰਮੁਖ ਸਿੰਘ ਜੀ ਨਾਲ ਸ਼ੁਰੂ ਹੋਇਆ।

੧੮੮੪ ਵਿਚ ਮਹਾਰਾਜਾ ਹੀਰਾ ਸਿੰਘ ਜੀ ਨਾਭਾ, ਜੋ ਵਿਦਵਾਨਾਂ ਦੇ ਬੜੇ ਕਦਰਦਾਨ ਸਨ, ਨੇ ਭਾਈ ਕਾਨ੍ਹ ਸਿੰਘ ਜੀ ਨੂੰ ਆਪਣਾ ਮੁਸਾਹਿਬ ਤੇ ਸਲਾਹਕਾਰ ਮੁਕਰਰ ਕਰ ਲਿਆ ਤੇ ਅਮੀਰ ਕਾਬਲ ਦੇ ਮਾਰਚ ੧੮੮੫ ਦੇ ਦਰਬਾਰ ਵਿਚ ਆਪਣੇ ਨਾਲ ਰਾਵਲਪਿੰਡੀ ਲੈ ਗਏ। ਮਿਸਟਰ ਐਮ. ਏ. ਮਕਾਲਿਫ, ਜੋ ਉਨ੍ਹੀਂ ਦਿਨੀਂ ਉਥੇ ਡਵੀਜਨਲ ਜੱਜ ਸਨ, ਨੇ ਮਹਾਰਾਜਾ ਸਾਹਿਬ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜ਼ੀ ਟੀਕਾ ਕਰਨ ਦੀ ਇਛਿਆ ਪ੍ਰਗਟ ਕਰ ਇਸ ਕੰਮ ਲਈ ਮਹਾਰਾਜਾ ਸਾਹਿਬ ਪਾਸੋਂ ਭਾਈ ਸਾਹਿਬ ਦੀ ਮਦਦ ਮੰਗੀ। ਦੋ ਸਾਲ ਆਪ ਮਕਾਲਿਫ ਸਾਹਿਬ ਨੂੰ ਸਿਖ ਇਤਿਹਾਸ ਪੜ੍ਹਾਉਂਦੇ ਰਹੇ ਤੇ ਆਖਰ ਮਿ. ਮਕਾਲਿਫ ਸਾਹਿਬ The Sikh Religion ਪੁਸਤਕ ਬਨਾਣ ਵਿਚ ਕਾਮਯਾਬ ਹੋਏ। ਇਸ ਦੀ ਤਿਆਰੀ ਲਈ ਭਾਈ ਸਾਹਿਬ ਨੂੰ ੧੯੦੭ ਵਿਚ ਵਲਾਇਤ ਭੀ ਜਾਨਾ ਪਇਆ ਤੇ ੧੯੦੯ ਵਿਚ ਇਹ ਪੁਸਤਕ ਆਕਸਫੋਰਡ ਦੇ ਕਲੈਂਰੈਂਡ ਪ੍ਰੈਸ ਵਿਚ ਛਪ ਕੇ ਤਿਆਰ ਹੋਈ। ਮਕਾਲਿਫ ਸਾਹਿਬ ਨੇ ਆਪ ਦੀ ਸੇਵਾ ਦਾ ਰਿਣੀ ਹੋ ਆਪਣੀ ਪੁਸਤਕ ਦਾ ਹਮੇਸ਼ਾਂ ਲਈ ਕਾਪੀ ਰਾਈਟ ਭਾਈ ਸਾਹਿਬ ਨੂੰ ਦਿਤਾ।

੧੮੮੮ ਵਿਚ ਭਾਈ ਸਾਹਿਬ ਰਿਆਸਤ ਨਾਭਾ ਦੇ ਟਿਕਾ ਰਿਪੁਦਮਨ ਸਿੰਘ ਜੀ ਦੇ ਟਿਊਟਰ ਮੁਕੱਰਰ ਹੋਏ । ੧੮੯੧-੯੨ ਵਿਚ ਭਾਈ ਗੁਰਮੁਖ ਸਿੰਘ ਜੀ ਦੇ ਕਹੇ ਸਰ ਅਤਰ ਸਿੰਘ ਜੀ ਭਦੌੜ ਤੇ ਮਹਾਰਾਜਾ ਹੀਰਾ ਸਿੰਘ ਜੀ ਨਾਭਾ ਵਿਚ ਸੁਲ੍ਹਾ ਸਫਾਈ ਕਰਾ ਕੇ ਖਾਲਸਾ ਕਾਲਜ ਦੇ ਕਾਇਮ ਕਰਨ ਵਿਚ ਹਿਸਾ ਲਿਆ। ੨ ਮਾਘ ਸੰਮਤ ੧੯੫੦ ਸੰਨ ੧੮੯੩ ਵਿਚ ਆਪ ਮਹਾਰਾਜਾ ਸਾਹਿਬ

ਦੇ ਪ੍ਰਾਈਵੇਟ ਸਕੱਤ੍ਰ ਬਣੇ। ਦੋ ਸਾਲ ਦੇ ਮਗਰੋਂ ਆਪ ਸਿਟੀ ਮਜਿਸਟ੍ਰੇਟ ਬਣਾਏ ਗਏ ਤੇ ਉਸੇ ਸਾਲ ਨਹਿਰਾਂ ਦੇ ਅਫ਼ਸਰ ਇਨਚਾਰਜ ਹੋਏ। ਦੂਜੇ ਸਾਲ ੨੬ ਸਾਵਣ ੧੯੫੩ ਨੂੰ ਜ਼ਿਲਾ ਫੂਲ ਦੇ ਡਿਪਟੀ ਕਮਿਸ਼ਨਰ ਬਣ ਕੇ ਸ਼ਲਾਘਾ ਯੋਗ ਸੇਵਾ ਕੀਤੀ।

੧੮੯੬ ਵਿਚ ਖਾਲਸਾ ਕਾਲਜ ਕੌਂਸਲ ਦੀ ਧਾਰਮਕ ਕਮੇਟੀ ਵਿਚ ਸਰ ਅਤਰ ਸਿੰਘ ਜੀ ਭਦੌੜ ਦੇ ਚਲਾਣੇ ਉਪਰੰਤ ਆਪ ਪ੍ਰੈਜ਼ੀਡੰਟ ਬਣੇ।

ਇਸ ਸਮੇਂ ਅੰਦਰ ਸਨਾਤਨੀ ਅਤੇ ਆਰੀਆ ਸਮਾਜੀਆਂ ਦੇ ਖਤ੍ਰਨਾਕ ਹਮਲਿਆਂ ਤੋਂ ਸਿਖ ਧਰਮ ਤੇ ਸਮਾਜ ਨੂੰ ਬਚਾਉਣ ਲਈ ਪ੍ਰੋਫ਼ੈਸਰ ਗੁਰਮੁਖ ਸਿੰਘ ਜੀ ਤੇ ਭਾਈ ਜਵਾਹਰ ਸਿੰਘ ਜੀ ਦੇ ਕਹਿਣ ਪੁਰ ਆਪ ਜੀ ਨੇ ਆਪਣੀ ਮਸ਼ਹੂਰ ਪੁਸਤਕ 'ਹਮ ਹਿੰਦੂ ਨਹੀਂ' ਲਿਖੀ, ਜਿਸ ਦੇ ਪ੍ਰਕਾਸ਼ਤ ਹੋਣ ਤੇ ਹਿੰਦੂਆਂ ਤੇ ਸਨਾਤਨੀ ਸਿਖਾਂ ਨਾਭਾ ਪਤੀ ਪਾਸ ਸ਼ਕਾਇਤਾਂ ਕੀਤੀਆਂ ਤੇ ਕਾਫ਼ੀ ਐਜੀਟੇਸ਼ਨ ਹੋਈ। ਇਸੇ ਕਾਰਨ ੩੦ ਜੇਠ ਸੰਮਤ ੧੯੫੬ ਬਿਕ੍ਰਮੀ ਨੂੰ ਮਹਾਰਾਜਾ ਸਾਹਿਬ ਨੇ ਨਜ਼ਾਮਤ ਤੋਂ ਬਦਲ ਆਪਣਾ ਦਰਬਾਰੀ ਬਣਾ ਲਿਆ। ਇਸੇ ਸਮੇਂ ਭਾਈ ਸਾਹਿਬ ਨੇ ੧੮੯੮ ਤੇ ੯੯ ਅੰਦਰ 'ਗੁਰਮਤ ਪ੍ਰਭਾਕਰ' ਅਤੇ 'ਗੁਰਮਤ ਸੁਧਾਕਰ' ਪੁਸਤਕਾਂ ਲਿਖੀਆਂ ਤੇ ਛਪਵਾਈਆਂ। ਇਹਨਾਂ ਵਿਚ ਹਰ ਵਿਸ਼ੇ ਤੇ ਗੁਰ ਪ੍ਰਮਾਣ ਹੋਣ ਕਰ ਕੇ ਲਿਖਾਰੀਆਂ, ਉਪਦੇਸ਼ਕਾਂ, ਰਾਗੀਆਂ ਤੇ ਪ੍ਰਚਾਰਕਾਂ ਨੂੰ ਸਿਖ ਧਰਮ ਦੇ ਅਸੂਲ ਸਮਝਣ ਵਿਚ ਬਹੁਤ ਸੌਖ ਹੋ ਗਿਆ।

ਰਿਆਸਤ ਨਾਭਾ ਦੇ ਇਸ ਸਮੇਂ ਸਰਕਾਰ ਅੰਗ੍ਰੇਜ਼ੀ ਨਾਲ ਕਈ ਗੁੰਝਲਦਾਰ ਮੁਆਮਲੇ ਸਨ, ਇਸ ਕਾਰਨ ੧੯੦੨ ਵਿਚ ਪੁਲੀਟੀਕਲ ਏਜੰਟ ਰਿਆਸਤ ਫੂਲਕੀਆਂ ਦੇ ਨਾਭੇ ਵਲੋਂ ਆਪ ਮੋਹਤਮਿਦ ਮੁਕਰਰ ਹੋਏ ਤੇ ਦੂਰ ਅੰਦੇਸ਼ੀ ਤੇ ਸਿਆਣਪ ਕਰ ਕੇ ਅਫ਼ਸਰਾਂ ਦੀ ਪ੍ਰਸੰਸਾ ਪ੍ਰਾਪਤ ਕੀਤੀ।

੧੯੦੮ ਵਿਚ ਰਿਆਸਤ ਦੇ ਮੁਆਮਲਿਆਂ ਲਈ ਤੇ ੧੯੧੦ ਵਿਚ ਟਿਕਾ ਸਾਹਿਬ ਦੇ ਗਾਰਡੀਅਨ ਹੋ ਆਪ ਵਲੈਤ ਗਏ। ੧੯੧੧

ਵਿਚ ਆਪ ਫਾਰਨ ਮਨਿਸਟਰ ਬਨਾਏ ਗਏ। ੧੯੧੨ ਵਿਚ ਜੱਜ ਹਾਈਕੋਰਟ ਮੁਕਰਰ ਹੋਏ ਪਰ ਕਈ ਕਾਰਨਾਂ ਕਰਕੇ ਆਪ ੧੦ ਮਈ ੧੯੧੨ ਨੂੰ ਨੌਕਰੀ ਤੋਂ ਰੀਟਾਇਰ ਹੋ ਗਏ। ੨੦ ਮਈ ਨੂੰ ਕਸ਼ਮੀਰ ਜਾ ਆਪ ਜੀ ਨੇ 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਲਿਖਣਾ ਅਰੰਭਿਆ ਜੋ ੬ ਫਰਵਰੀ ੧੯੨੬ ਨੂੰ ਪੂਰਣ ਹੋਇਆ ਤੇ ਮਹਾਰਾਜਾ ਸਾਹਿਬ ਪਟਿਆਲਾ ਵਲੋਂ ਛਪ ਕੇ ੧੩ ਅਪ੍ਰੈਲ ੧੯੩੦ ਨੂੰ ਤਿਆਰ ਹੋ ਗਿਆ। ਆਪ ਜੀ ਰਚਿਤ ਹੋਰ ਪੁਸਤਕਾਂ ਇਹ ਹਨ–ਅਨੇਕਾਰਥ ਕੋਸ਼, ਸਦ ਪਰਮਾਰਥ ਟੀਕਾ, ਰੂਪਦੀਪ ਪਿੰਗਲ, ਗੁਰਸ਼ਬਦ ਅਲੰਕਾਰ ਤੇ ਗੁਰੂ ਛੰਦ ਦਿਵਾਕਰ, ਨਾਟਕ ਭਾਵ ਅਰਥ ਦੀਪਕਾ, ਸ਼ਰਾਬ ਨਿਸ਼ੇਧ, ਬਿਜੈ ਸ੍ਵਾਮ ਧਰਮ, ਚੰਡੀ ਦੀ ਵਾਰ ਸਟੀਕ।

ਇਸ ਤੋਂ ਬਿਨਾਂ ੧੯੦੪–੦੫ ਵਿਚ ਖਾਲਸਾ ਕਾਲਜ ਨੂੰ ਤਬਾਹ ਹੋਣ ਤੋਂ ਬਚਾਉਣ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਚੋਂ ਬੁਤ ਉਠਾਉਣ ਤੇ ਫੇਰ ਆਨੰਦ ਮੈਰਿਜ ਬਿਲ ਪਾਸ ਕਰਾਉਣ ਵਿਚ ਜੋ ਸੇਵਾ ਆਪ ਨੇ ਕੀਤੀ ਹੈ ਉਹ ਭੁਲਣ ਯੋਗ ਨਹੀਂ, ਭਾਵੇਂ ਕਈ ਸਮਿਆਂ ਤੇ ਕਸ਼ਟ ਭੀ ਉਠਾਣੇ ਪਏ ਤੇ ਆਪ ਜੀ ਦੀ ਭਾਰੀ ਵਿਰੋਧਤਾ ਭੀ ਹੋਈ। ੨੧ਵੀਂ ਸਿਖ ਐਜੂਕੇਸ਼ਨਲ ਕਾਨਫਰੰਸ ਦੇ ਪ੍ਰਧਾਨ ਭੀ ਬਨੇ ਤੇ ਸ੍ਰਕਾਰ ਵਲੋਂ ਸ੍ਰ. ਬ. ਭੀ। ਪਰ ਬੜੇ ਉਚ ਕੋਟੀ ਦੇ ਵਿਦਵਾਨ, ਕਲਮ ਦੇ ਧਨੀ ਤੇ ਪੂਰਨ ਗੁਰਸਿਖ ਹੋਣ ਕਾਰਨ ਲੋਗ ਆਪ ਨੂੰ ਭਾਈ ਸਾਹਿਬ ਦੇ ਨਾਉਂ ਨਾਲ ਸੰਬੋਧਨ ਕਰਨਾ ਵਧੇਰੇ ਚੰਗਾ ਸਮਝਦੇ ਸਨ। ਆਪ ਜੀ ਦੇ ਰਾਗ ਮਾਲਾ ਤੇ ਬਾਬਾ ਅਜਾਪਾਲ ਸਿੰਘ ਜੀ ਆਦਿ ਕਈ ਨੋਟਾਂ ਨਾਲ ਕਈਆਂ ਦਾ ਮਤਭੇਦ ਹੋਇਆ।

ਇਸ ਤਰ੍ਹਾਂ ਭਾਈ ਸਾਹਿਬ ਆਪਣੇ ਜੀਵਨ ਨੂੰ ਸਫਲਾ ਤੇ ਅਮਰ ਕਰਕੇ ੨੩ ਨਵੰਬਰ ੧੯੩੮ ਨੂੰ ੧ ਬਜਕੇ ੨੦ ਮਿੰਟ ਦੁਪਹਿਰੇ ਆਪਣੇ ਸਪੁਤ੍ਰ ਸ੍ਰ ਭਗਵੰਤ ਸਿੰਘ ਜੀ ਨੂੰ ਇਸ ਪੰਥ ਸੇਵਾ ਲਈ ਯੋਗ ਬਨਾ ਇਸ ਅਸਾਰ ਸੰਸਾਰ ਨੂੰ ਛਡ ਗਏ।
